Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 3 : # ਅੰਕ 356 | 26/04/2025 | www.samajweekly.com | samajweekly | @samajweekly | samajweekly

# ਪਾਕਿਸਤਾਨ ’ਚ ਪਾਣੀ ਦੀ ਇਕ ਬੂੰਦ ਵੀ ਨਹੀਂ ਜਾਣ ਦੇਵੇਗਾ ਭਾਰਤ : ਪਾਟਿਲ

**ਨਵੀਂ ਦਿੱਲੀ ।** ਜਲ ਸ਼ਕਤੀ ਮੰਤਰੀ ਸੀ.ਆਰ. ਪਾਟਿਲ ਨੇ ਸ਼ੁਕਰਵਾਰ ਨੂੰ ਗ੍ਰਿਹ ਮੰਤਰੀ ਅਮਿਤ ਸ਼ਾਹ ਦੀ ਪ੍ਰਧਾਨਗੀ ਹੇਠ ਹੋਈ ਉੱਚ ਪੱਧਰੀ ਬੈਠਕ ਤੋਂ ਬਾਅਦ ਕਿਹਾ ਕਿ ਸਰਕਾਰ ਇਹ ਯਕੀਨੀ ਬਣਾਉਣ ਲਈ ਰਣਨੀਤੀ ’ਤੇ ਕੰਮ ਕਰ ਰਹੀ ਹੈ ਕਿ ਭਾਰਤ ਤੋਂ ਪਾਕਿਸਤਾਨ ’ਚ ਪਾਣੀ ਦੀ ਇਕ ਬੂੰਦ ਵੀ ਨਾ ਜਾਵੇ। ਗ੍ਰਿਹ ਮੰਤਰੀ ਨਾਲ 45 ਮਿੰਟਾਂ ਦੀ ਬੈਠਕ ਤੋਂ ਬਾਅਦ ਪਾਟਿਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਈ ਹਦਾਇਤਾਂ ਜਾਰੀ ਕੀਤੀਆਂ ਹਨ ਅਤੇ ਉਨ੍ਹਾਂ ’ਤੇ ਅਮਲ ਕਰਨ ਲਈ ਬੈਠਕ ਕੀਤੀ ਗਈ ਸੀ। ਸ਼ਾਹ ਨੇ ਉਨ੍ਹਾਂ ਨੂੰ ਅਸਰਦਾਰ ਢੰਗ ਨਾਲ ਲਾਗੂ ਕਰਨ ਲਈ ਬੈਠਕ ’ਚ ਕਈ ਸੁਝਾਅ ਦਿਤੇ। ਬੈਠਕ ਤੋਂ ਬਾਅਦ ਉਨ੍ਹਾਂ ਕਿਹਾ, ‘‘ਅਸੀਂ ਇਹ ਯਕੀਨੀ ਬਣਾਵਾਂਗੇ ਕਿ ਭਾਰਤ ਤੋਂ ਪਾਕਿਸਤਾਨ ’ਚ ਪਾਣੀ ਦੀ ਇਕ ਬੂੰਦ ਵੀ ਨਾ ਆਵੇ।’’

ਪਾਟਿਲ ਨੇ ਕਿਹਾ ਕਿ ਕੇਂਦਰ ਨੇ ਪਾਕਿਸਤਾਨ ਨੂੰ ਭਾਰਤੀ ਦਰਿਆਈ ਪਾਣੀ ਦੇ ਵਹਾਅ ਨੂੰ ਰੋਕਣ ਲਈ ਵਿਸਥਾਰਤ ਰਸਤਾ ਤਿਆਰ ਕੀਤਾ ਹੈ। ਕੇਂਦਰੀ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਨਦੀਆਂ ਦੀ ਸਫਾਈ ਸਮੇਤ ਤੁਰਤ ਕਦਮ ਚੁੱਕਣ ਨੂੰ ਤਰਜੀਹ ਦਿਤੀ ਜਾ ਰਹੀ ਹੈ। ਮੀਡੀਆ ਨਾਲ ਗੱਲ ਕਰਦਿਆਂ ਪਾਟਿਲ ਨੇ ਕਿਹਾ, ‘‘ਕੇਂਦਰੀ ਗ੍ਰਿਹ ਮੰਤਰੀ ਅਮਿਤ ਸ਼ਾਹ ਨਾਲ ਬੈਠਕ ’ਚ ਇਕ ਰੋਡਮੈਪ ਤਿਆਰ ਕੀਤਾ ਗਿਆ। ਮੀਟਿੰਗ ’ਚ ਤਿੰਨ ਵਿਕਲਪਾਂ ’ਤੇ ਵਿਚਾਰ-ਵਟਾਂਦਰੇ ਕੀਤੇ ਗਏ। ਸਰਕਾਰ ਥੋੜ੍ਹੀ ਮਿਆਦ, ਦਰਮਿਆਨੀ ਮਿਆਦ ਅਤੇ ਲੰਬੀ ਮਿਆਦ ਦੇ ਉਪਾਵਾਂ ’ਤੇ ਕੰਮ ਕਰ ਰਹੀ ਹੈ ਤਾਂ ਜੋ ਪਾਣੀ ਦੀ ਇਕ ਬੂੰਦ ਵੀ ਪਾਕਿਸਤਾਨ ਨੂੰ ਨਾ ਜਾਵੇ। ਜਲਦੀ ਹੀ ਪਾਣੀ ਨੂੰ ਰੋਕਣ ਅਤੇ ਇਸ ਨੂੰ ਮੋੜਨ ਲਈ ਨਦੀਆਂ ਦੀ ਸਫਾਈ ਕੀਤੀ ਜਾਵੇਗੀ।’’ ਇਹ ਕਦਮ ਪਹਿਲਗਾਮ ’ਚ ਅਤਿਵਾਦੀ ਹਮਲੇ ਤੋਂ ਬਾਅਦ ਵਧੇ ਤਣਾਅ ਦੇ ਵਿਚਕਾਰ ਆਇਆ ਹੈ। ਇਸ ਦੌਰਾਨ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਸਿੰਧੂ ਜਲ ਸਮਝੌਤੇ ’ਤੇ ਸਖ਼ਤ ਨਾਰਾਜ਼ਗੀ ਜ਼ਾਹਰ ਕਰਦਿਆਂ ਸ਼ੁਕਰਵਾਰ ਨੂੰ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਵਿਚਾਲੇ 1960 ’ਚ ਹੋਇਆ ਸਮਝੌਤਾ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਲੋਕਾਂ ਲਈ ‘ਸੱਭ ਤੋਂ ਅਣਉਚਿਤ ਦਸਤਾਵੇਜ਼’ ਹੈ।

ਮੀਡੀਆ ਨੂੰ ਸੰਬੋਧਨ ਕਰਦਿਆਂ ਉਮਰ ਅਬਦੁੱਲਾ ਨੇ ਕਿਹਾ, ‘‘ਭਾਰਤ ਸਰਕਾਰ ਨੇ ਕੁੱਝ ਕਦਮ ਚੁਕੇ ਹਨ। ਜਿੱਥੋਂ ਤਕ ਜੰਮੂ-ਕਸ਼ਮੀਰ ਦਾ ਸਵਾਲ ਹੈ, ਅਸੀਂ ਕਦੇ ਵੀ ਸਿੰਧੂ ਜਲ ਸਮਝੌਤੇ ਦੇ ਹੱਕ ’ਚ ਨਹੀਂ ਰਹੇ। ਸਾਡਾ ਹਮੇਸ਼ਾ ਤੋਂ ਮੰਨਣਾ ਰਿਹਾ ਹੈ ਕਿ ਸਿੰਧੂ ਜਲ ਸਮਝੌਤਾ ਜੰਮੂ-ਕਸ਼ਮੀਰ ਦੇ ਲੋਕਾਂ ਲਈ ਸੱਭ ਤੋਂ ਅਣਉਚਿਤ ਦਸਤਾਵੇਜ਼ ਰਿਹਾ ਹੈ।’’ ਮੁੱਖ ਮੰਤਰੀ ਨੇ ਹੋਰਨਾਂ ਸੂਬਿਆਂ ’ਚ ਜੰਮੂ-ਕਸ਼ਮੀਰ ਦੇ ਵਸਨੀਕਾਂ ਦੀ ਸੁਰੱਖਿਆ ਸਬੰਧੀ ਅਮਿਤ ਸ਼ਾਹ ਵਲੋਂ ਮਿਲੇ ਭਰੋਸੇ ਬਾਰੇ ਵੀ



ਵਿਚਾਰ-ਵਟਾਂਦਰਾ ਕੀਤਾ। ਉਨ੍ਹਾਂ ਕਿਹਾ, ‘‘ਇਹ ਅਫਸੋਸਜਨਕ ਹੈ ਕਿ ਇਹ ਹਮਲਾ ਹੋਇਆ ਅਤੇ ਅਸੀਂ ਇਹ ਯਕੀਨੀ ਬਣਾਇਆ ਕਿ ਬੈਠਕ ’ਚ ਜੋ ਵੀ ਮੁੱਦੇ ਸਾਡੇ ਧਿਆਨ ’ਚ ਲਿਆਂਦੇ ਗਏ, ਅਸੀਂ ਉਨ੍ਹਾਂ ’ਤੇ ਕੰਮ ਕਰਾਂਗੇ। ਇਸ ਮੀਟਿੰਗ ਦੌਰਾਨ ਮੈਂ ਕੇਂਦਰੀ ਗ੍ਰਿਹ ਮੰਤਰੀ ਨਾਲ ਗੱਲ ਕੀਤੀ ਅਤੇ ਉਨ੍ਹਾਂ ਨੇ ਮੈਨੂੰ ਭਰੋਸਾ ਦਿਤਾ ਕਿ ਦੂਜੇ ਸੂਬਿਆਂ ’ਚ ਰਹਿ ਰਹੇ ਜੰਮੂ-ਕਸ਼ਮੀਰ ਦੇ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਾਰੇ ਕਦਮ ਚੁਕੇ ਜਾਣਗੇ। ਗ੍ਰਿਹ ਮੰਤਰਾਲੇ ਵਲੋਂ ਸਲਾਹ ਜਾਰੀ ਕੀਤੀ ਜਾਵੇਗੀ ਅਤੇ ਕੇਂਦਰੀ ਮੰਤਰੀ ਨੇ ਕਈ ਸੂਬਿਆਂ ਦੇ ਮੁੱਖ ਮੰਤਰੀਆਂ ਨਾਲ ਵੀ ਗੱਲਬਾਤ ਕੀਤੀ।’’ ਇਸ ਤੋਂ ਪਹਿਲਾਂ ਗ੍ਰਿਹ ਮੰਤਰੀ ਅਮਿਤ ਸ਼ਾਹ ਦੀ ਮੌਜੂਦਗੀ ’ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ’ਚ ਹੋਈ ਸੁਰੱਖਿਆ ਮਾਮਲਿਆਂ ਦੀ ਕੈਬਨਿਟ ਕਮੇਟੀ ਦੀ ਬੈਠਕ ’ਚ ਭਾਰਤ ਨੇ 1960 ਦੇ ਸਿੰਧੂ ਜਲ ਸਮਝੌਤੇ ਨੂੰ ਉਦੋਂ ਤਕ ਮੁਲਤਵੀ ਰੱਖਣ ਦਾ ਫੈਸਲਾ ਕੀਤਾ ਜਦੋਂ ਤਕ ਪਾਕਿਸਤਾਨ ਸਰਹੱਦ ਪਾਰ ਅਤਿਵਾਦ ਨੂੰ ਸਮਰਥਨ ਦੇਣਾ ਬੰਦ ਨਹੀਂ ਕਰ ਦਿੰਦਾ। ਜ਼ਿਕਰਯੋਗ ਹੈ ਕਿ ਪਾਕਿਸਤਾਨ ਨੇ ਚੇਤਾਵਨੀ ਦਿੰਦਿਆਂ ਕਿਹਾ ਸੀ ਕਿ ਜੇਕਰ ਭਾਰਤ ਪਾਣੀ ਦੇ ਪ੍ਰਵਾਹ ਨੂੰ ਰੋਕਣ ਲਈ ਕਦਮ ਚੁਕਦਾ ਹੈ ਤਾਂ ਇਸ ਨੂੰ ਜੰਗ ਦਾ ਐਲਾਨ ਮੰਨਿਆ ਜਾਵੇਗਾ। ਭਾਰਤ ਨੇ ਪਹਿਲਾਂ ਹੀ ਪਾਕਿਸਤਾਨ ਨੂੰ ਤੁਰਤ ਪ੍ਰਭਾਵ ਨਾਲ ਸੰਧੀ ਨੂੰ ਮੁਲਤਵੀ ਰੱਖਣ ਦੇ ਅਪਣੇ ਫੈਸਲੇ ਬਾਰੇ ਸੂਚਿਤ ਕਰ ਦਿਤਾ ਹੈ, ਕਿਉਂਕਿ ਗੁਆਂਢੀ ਦੇਸ਼ ਨੇ ਜੰਮੂ-ਕਸ਼ਮੀਰ ਨੂੰ ਲਗਾਤਾਰ ਸਰਹੱਦ ਪਾਰ ਅਤਿਵਾਦ ਨਾਲ ਨਿਸ਼ਾਨਾ ਬਣਾ ਕੇ ਅਪਣੀਆਂ ਸ਼ਰਤਾਂ ਦੀ ਉਲੰਘਣਾ ਕੀਤੀ ਹੈ। ਪਾਟਿਲ ਨੇ ਕਿਹਾ ਕਿ ਭਾਰਤ ਨੇ ਪਾਕਿਸਤਾਨ ਨੂੰ ਸਖਤ ਸੰਦੇਸ਼ ਦਿਤਾ ਹੈ ਕਿ ਉਹ ਅਤਿਵਾਦ ਨੂੰ ਬਿਲਕੁਲ ਬਰਦਾਸ਼ਤ ਨਹੀਂ ਕਰੇਗਾ।

# ਦਹਿਸ਼ਤਗਰਦਾਂ ਨੂੰ ਫੰਡ ਤੇ ਸਿਖਲਾਈ ਦੇਣ ਦਾ ਸਾਡਾ ਪੁਰਾਣਾ ਇਤਿਹਾਸ ਰਿਹੈ: ਪਾਕਿ ਰੱਖਿਆ ਮੰਤਰੀ

## ਖ਼ਵਾਜਾ ਆਸਿਫ਼ ਨੇ ਇਕ ਵਰਚੁਅਲ ਇੰਟਰਵਿਊ ਦੌਰਾਨ ਪੱਛਮ ਲਈ ਇਹ ‘ਮਾੜਾ ਕੰਮ’ ਦਹਾਕਿਆਂ ਤੋਂ ਕਰਨ ਦੀ ਗੱਲ ਕਬੂਲੀ

**ਲੰਡਨ।** ਪਾਕਿਸਤਾਨ ਦੇ ਰੱਖਿਆ ਮੰਤਰੀ ਖਵਾਜਾ ਆਸਿਫ਼ ਨੇ ਮੰਨਿਆ ਹੈ ਕਿ ਦਹਿਸ਼ਤਗਰਦ ਜਥੇਬੰਦੀਆਂ ਦੀ ਹਮਾਇਤ, ਉਨ੍ਹਾਂ ਨੂੰ ਸਿਖਲਾਈ ਤੇ ਫੰਡ ਮੁਹੱਈਆ ਕਰਵਾਉਣ ਦਾ ਉਨ੍ਹਾਂ ਦੇ ਮੁਲਕ ਦਾ ਪੁਰਾਣਾ ਇਤਿਹਾਸ ਰਿਹਾ ਹੈ ਤੇ ਉਹ ਇਹ ‘ਮਾੜਾ ਕੰਮ’ ਪੱਛਮ ਲਈ ਦਹਾਕਿਆਂ ਤੋਂ ਕਰਦੇ ਰਹੇ ਹਨ। ਉਨ੍ਹਾਂ ਕਿਹਾ ਕਿ ਪਾਕਿਸਤਾਨ ਨੇ ਇਸ ਗ਼ਲਤੀ ਦਾ ਖਮਿਆਜ਼ਾ ਵੀ ਭੁਗਤਿਆ ਹੈ। ਸਕਾਈ ਨਿਊਜ਼ ਨੂੰ ਦਿੱਤੀ ਵਰਚੁਅਲ ਇੰਟਰਵਿਊ ਵਿੱਚ ਖ਼ਬਰ ਪੇਸ਼ਕਾਰ ਯਲਦਾ ਹਾਕਿਮ ਨੇ ਆਸਿਫ ਨੂੰ ਪਹਿਲਗਾਮ ਦਹਿਸ਼ਤੀ ਹਮਲੇ ਤੋਂ ਬਾਅਦ ਅਤਿਵਾਦ ਨੂੰ ਲੈ ਕੇ ਪਾਕਿ-ਸਤਾਨ ਦੇ ਜਵਾਬ ਤੇ ਰੁਖ਼ ਬਾਰੇ ਸਵਾਲ ਕੀਤਾ ਸੀ।

ਹਾਕਿਮ ਨੇ ਸਵਾਲ ਕੀਤਾ ਸੀ, ‘‘ਸਰ ਕੀ ਤੁਸੀਂ ਮੰਨਦੇ ਹੋ ਕਿ ਪਾਕਿਸਤਾਨ ਦਾ ਇਨ੍ਹਾਂ ਦਹਿਸ਼ਤੀ ਸੰਗਠਨਾਂ ਨੂੰ ਸਮਰਥਨ, ਸਿਖਲਾਈ ਅਤੇ ਫੰਡਿੰਗ ਦੇਣ ਦਾ ਲੰਮਾ ਇਤਿਹਾਸ ਰਿਹਾ ਹੈ।’’ ਆਸਿਫ਼ ਨੇ ਜਵਾਬ ਦਿੱਤਾ, ‘‘ਖੈਰ, ਅਸੀਂ ਕਰੀਬ ਪਿਛਲੇ ਤਿੰਨ ਦਹਾਕਿਆਂ ਤੋਂ ਅਮਰੀਕਾ ਲਈ ਇਹ ਮਾੜਾ ਕੰਮ ਕਰ ਰਹੇ ਹਾਂ, ਤੁਸੀਂ ਜਾਣਦੇ ਹੋ ਅਤੇ ਪੱਛਮ, ਜਿਸ ਵਿੱਚ ਬ੍ਰਿਟੇਨ ਵੀ ਸ਼ਾਮਲ ਹੈ।’’ ਰੱਖਿਆ ਮੰਤਰੀ ਨੇ ਕਿਹਾ, ‘‘ਇਹ ਇੱਕ ਗਲਤੀ ਸੀ, ਅਤੇ ਅਸੀਂ ਇਸ ਦਾ ਸਾਹਮਣਾ ਕੀਤਾ, ਅਤੇ ਇਸੇ ਲਈ ਤੁਸੀਂ ਮੈਨੂੰ ਇਹ ਕਹਿ ਰਹੇ ਹੋ। ਜੇਕਰ ਅਸੀਂ ਸੋਵੀਅਤ



ਯੂਨੀਅਨ ਵਿਰੁੱਧ ਜੰਗ ਅਤੇ ਬਾਅਦ ਵਿੱਚ 9/11 ਤੋਂ ਬਾਅਦ ਜੰਗ ਵਿੱਚ ਸ਼ਾਮਲ ਨਾ ਹੁੰਦੇ, ਤਾਂ ਪਾਕਿਸਤਾਨ ਦਾ ਟਰੈਕ ਰਿਕਾਰਡ... ਇੱਕ ਬੇਦਾਗ਼ ਟਰੈਕ ਰਿਕਾਰਡ ਹੁੰਦਾ।’’ ਆਸਿਫ਼ ਨੇ ਕਿਹਾ, ‘‘ਇਸ ਖੇਤਰ ਵਿੱਚ ਜੋ ਕੁਝ ਵੀ ਹੋ ਰਿਹਾ ਹੈ, ਉਸ ਲਈ ਪਾਕਿਸਤਾਨ ਨੂੰ ਦੋਸ਼ੀ ਠਹਿਰਾਉਣਾ ਵੱਡੀਆਂ ਸ਼ਕਤੀਆਂ ਲਈ ਬਹੁਤ ਸੁਖਾਲਾ ਹੈ। ਜਦੋਂ ਅਸੀਂ 80 ਦੇ ਦਹਾਕੇ ਵਿੱਚ ਸੋਵੀਅਤ ਯੂਨੀਅਨ ਵਿਰੁੱਧ ਉਨ੍ਹਾਂ ਦੇ ਪਾਸੇ ਜੰਗ ਲੜ ਰਹੇ ਸੀ, ਤਾਂ ਅੱਜ ਦੇ ਇਹ ਸਾਰੇ ਦਹਿਸ਼ਤੀ ਸੰਗਠਨ ਵਾਸ਼ਿੰਗਟਨ ਵਿੱਚ ਸ਼ਰਾਬਾਂ ਪੀ ਰਹੇ ਸਨ ਅਤੇ ਖਾਣਾ ਖਾ ਰਹੇ ਸਨ।’’ ਉਨ੍ਹਾਂ ਕਿਹਾ, ‘‘ਅਤੇ ਫਿਰ 9/11 ਦੇ ਹਮਲੇ ਹੋਏ। ਫਿਰ, ਉਹੀ ਸਥਿਤੀ ਦੁਹਰਾਈ ਗਈ। ਮੈਨੂੰ ਲੱਗਦਾ ਹੈ ਕਿ ਸਾਡੀਆਂ ਸਰਕਾਰਾਂ ਨੇ ਫਿਰ ਗਲਤੀ ਕੀਤੀ।’’ ਆਸਿਫ਼ ਨੇ ਕਿਹਾ ਕਿ ਉਸ ਸਮੇਂ ਪਾਕਿਸਤਾਨ ਨੂੰ ‘ਪ੍ਰੌਕਸੀ ਵਜੋਂ ਵਰਤਿਆ ਗਿਆ’ ਸੀ। ਕਾਬਿਲੇਗੌਰ ਹੈ ਕਿ ਕਸ਼ਮੀਰ ਦੇ ਪਹਿਲਗਾਮ ਵਿਚ ਮੰਗਲਵਾਰ ਨੂੰ ਹੋਏ ਦਹਿਸ਼ਤੀ ਹਮਲੇ, ਜਿਸ ਵਿਚ 26 ਲੋਕਾਂ ਦੀ ਜਾਨ ਜਾਂਦੀ ਰਹੀ ਸੀ, ਦੀ ਜ਼ਿੰਮੇਵਾਰੀ ਪਾਕਿਸਤਾਨ ਅਧਾਰਿਤ ਲਸ਼ਕਰ-ਏ-ਤਇਬਾ ਨਾਲ ਸਬੰਧਤ ਦਿ ਰਜ਼ਿਸਟੈਂਸ ਫਰੰਟ ਨੇ ਲਈ ਸੀ। ਆਸਿਫ਼ ਨੇ ਕਿਹਾ, ‘‘ਲਸ਼ਕਰ-ਏ-ਤਇਬਾ ਹੁਣ ਪਾਕਿ-ਸਤਾਨ ਵਿੱਚ ਮੌਜੂਦ ਨਹੀਂ ਹੈ। ਇਹ ਅਲੋਪ ਹੋ ਗਿਆ ਹੈ। ਇਹ ਅਲੋਪ ਹੋ ਗਿਆ ਹੈ... ਜੇਕਰ ਮੂਲ ਸੰਗਠਨ ਮੌਜੂਦ ਨਹੀਂ ਹੈ, ਤਾਂ ਇੱਥੇ ਇਸ ਦੀ ਸ਼ਾਖਾ ਕਿਵੇਂ ਪੈਦਾ ਹੋ ਸਕਦੀ ਹੈ।’’ ਇਹ ਪੁੱਛੇ ਜਾਣ ’ਤੇ ਕਿ ਕੀ ਪਾਕਿਸਤਾਨ ਨੂੰ ਪਹਿਲਗਾਮ ਦਹਿਸ਼ਤੀ ਹਮਲੇ ਦੇ ਨਤੀਜੇ ਵਜੋਂ ਤਣਾਅ ਵਧਣ ਦਾ ਡਰ ਹੈ ਤਾਂ ਰੱਖਿਆ ਮੰਤਰੀ ਨੇ ਕਿਹਾ ਕਿ ਦੇਸ਼ ‘ਹਰ ਤਰ੍ਹਾਂ ਦਾ’ ਜਵਾਬ ਦੇਣ ਲਈ ਤਿਆਰ ਹੈ। ਆਸਿਫ਼ ਨੇ ਵਰਚੁਅਲ ਇੰਟਰਵਿਊ ਦੌਰਾਨ ਕਿਹਾ, ‘‘ਅਸੀਂ ਭਾਰਤ ਵੱਲੋਂ ਸ਼ੁਰੂ ਕੀਤੀ ਗਈ ਹਰ ਚੀਜ਼ ਪ੍ਰਤੀ ਆਪਣੀ ਪ੍ਰਤੀਕਿਰਿਆ ਮਾਪਾਂਗੇ। ਇਹ ਇਕ ਨਪਿਆ ਤੁਲਿਆ ਜਵਾਬ ਹੋਵੇਗਾ, ਜੇ ਕੋਈ ਹਮਲਾ ਜਾਂ ਇਸ ਤਰ੍ਹਾਂ ਦੀ ਕੋਈ ਹੋਰ ਚੀਜ਼ ਹੁੰਦੀ ਹੈ, ਤਾਂ ਯਕੀਨੀ ਤੌਰ ’ਤੇ ਜੰਗ ਹੋਵੇਗੀ।’

# ਰਾਜਸਥਾਨ ’ਚ ਪਾਕਿਸਤਾਨੀ ਸ਼ਰਨਾਰਥੀਆਂ ਦੀ ਭਾਰਤ ਸਰਕਾਰ ਤੋਂ ਮੰਗ, ਵੀਜ਼ਾ ਰੱਦ ਕਰਨ ਦੇ ਫ਼ੈਸਲੇ 'ਤੇ ਮੁੜ ਵਿਚਾਰ ਕਰਨ ਦੀ ਕੀਤੀ ਅਪੀਲ

**ਜੈਸਲਮੇਰ (ਰਾਜਸਥਾਨ) ।** ਪਹਿਲਗਾਮ ਅਤਿਵਾਦੀ ਹਮਲੇ, ਜਿਸ ਵਿਚ 26 ਲੋਕਾਂ ਦੀ ਜਾਨ ਗਈ, ਨੇ ਰਾਜਸਥਾਨ ਦੇ ਜੈਸਲਮੇਰ ਦੇ ਸਰਹੱਦੀ ਪਿੰਡਾਂ ਵਿਚ ਰਹਿਣ ਵਾਲੇ ਪਾਕਿਸਤਾਨੀ ਨਾਗਰਿਕਾਂ 'ਤੇ ਵਿਨਾਸ਼ਕਾਰੀ ਪ੍ਰਭਾਵ ਪਾਇਆ ਹੈ, ਜੋ ਥੋੜ੍ਹੇ ਸਮੇਂ ਅਤੇ ਲੰਬੇ ਸਮੇਂ ਦੇ ਵੀਜ਼ੇ 'ਤੇ ਭਾਰਤ ਵਿਚ ਰਹਿ ਰਹੇ ਸਨ। ਦੱਖਣੀ ਏਸ਼ੀਆਈ ਖੇਤਰੀ ਸਹਿਯੋਗ ਸੰਗਠਨ (ਸਾਰਕ) ਵੀਜ਼ਾ 'ਤੇ ਭਾਰਤ ਵਿਚ ਦਾਖ਼ਲ ਹੋਏ ਪਾਕਿਸਤਾਨੀ ਨਾਗਰਿਕਾਂ ਨੂੰ ਦੇਸ਼ ਛੱਡਣ ਲਈ ਕੇਂਦਰ ਦੇ ਨਿਰਦੇਸ਼ਾਂ ਨੇ ਆਮ ਲੋਕਾਂ, ਖ਼ਾਸ ਕਰ ਕੇ ਥੋੜ੍ਹੇ ਸਮੇਂ ਦੇ ਵੀਜ਼ਾ ਵਾਲੇ ਲੋਕਾਂ ਵਿਚ ਦਹਿਸ਼ਤ ਪੈਦਾ ਕਰ ਦਿਤੀ ਹੈ। ਜੈਸਲਮੇਰ ਵਿਚ 6,000 ਤੋਂ ਵੱਧ ਪਾਕਿਸਤਾਨੀ ਨਾਗਰਿਕ ਲੰਬੇ ਸਮੇਂ ਦੇ ਵੀਜ਼ੇ 'ਤੇ ਰਹਿ ਰਹੇ ਹਨ, ਜਦਕਿ ਪੂਰੇ ਰਾਜਸਥਾਨ ਵਿਚ 20,000 ਹਨ। ਉਨ੍ਹਾਂ ਨੂੰ ਵਿਦੇਸ਼ੀ ਰਜਿਸਟ੍ਰੇਸ਼ਨ ਦਫ਼ਤਰ (FRO)



ਅਤੇ ਹੋਰ ਸਬੰਧਤ ਵਿਭਾਗਾਂ ਦੁਆਰਾ ਸਰਕਾਰੀ ਆਦੇਸ਼ਾਂ ਬਾਰੇ ਸੂਚਿਤ ਕੀਤਾ ਜਾ ਰਿਹਾ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਉਨ੍ਹਾਂ ਨੂੰ ਭਾਰਤ ਛੱਡਣਾ ਪੈ ਸਕਦਾ ਹੈ। ਇਸ ਸਬੰਧੀ ਰਾਧਾ ਭੀਲ, ਪਾਕਿਸਤਾਨੀ ਨਾਗਰਿਕ, ਜੋ ਕਿ ਥੋੜ੍ਹੇ ਸਮੇਂ ਦੇ ਵੀਜ਼ੇ 'ਤੇ ਇੱਥੇ ਰਹਿ ਰਹੇ ਹਨ, ਬਾੜਮੇਰ ਦੇ ਇੰਦਰੋਈ ਪਿੰਡ ਦਾ ਰਹਿਣ ਵਾਲਾ 25 ਸਾਲਾ ਸ਼ੈਤਾਨ ਸਿੰਘ ਤੇ ਇੱਕ ਹੋਰ ਪਾਕਿਸਤਾਨੀ ਸ਼ਰਨਾਰਥੀ ਦਿਲੀਪ ਸਿੰਘ ਸੋਢਾ ਨੇ ਭਾਰਤੀ ਸਰਕਾਰ ਤੋਂ ਇਸ ਫ਼ੈਸਲੇ ਤੇ ਮੁੜ ਵਿਚਾਰ ਕਰਨ ਦੀ ਮੰਗ ਕੀਤੀ ਹੈ।

ਇਸ ਦੇ ਨਾਲ ਹੀ ਸੀਮਾਂਤ ਲੋਕ ਸੰਗਠਨ ਦੇ ਪ੍ਰਧਾਨ ਹਿੰਦੂ ਸਿੰਘ ਸੋਢਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਰਾਜਸਥਾਨ ਦੇ ਮੁੱਖ ਮੰਤਰੀ ਭਜਨ ਲਾਲ ਸ਼ਰਮਾ ਨੂੰ ਇਕ ਪੱਤਰ ਲਿਖ ਕੇ ਸਬੰਧਤ ਦਫ਼ਤਰਾਂ ਤੋਂ ਲਗਾਤਾਰ ਆ ਰਹੇ ਫ਼ੋਨ ਕਾਲਾਂ ਬਾਰੇ ਜਾਣਕਾਰੀ ਦਿਤੀ ਹੈ ਅਤੇ ਉਨ੍ਹਾਂ ਨੂੰ ਕੇਂਦਰ ਸਰਕਾਰ ਦੇ ਫ਼ੈਸਲੇ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ ਹੈ।

# ਪੰਜਾਬ ਨੂੰ ਦਹਿਲਾਉਣ ਦੀ ਸਾਜ਼ਿਸ਼ ਨਾਕਾਮ, ਬੀ.ਐੱਸ.ਐੱਫ਼. ਤੇ ਅੰਮ੍ਰਿਤਸਰ ਪੁਲਿਸ ਨੇ 4.5 ਕਿਲੋ ਆਰ.ਡੀ.ਐਕਸ. ਕੀਤਾ ਬਰਾਮਦ

**ਅੰਮ੍ਰਿਤਸਰ।** ਪੰਜਾਬ ਨੂੰ ਦਹਿਲਾਉਣ ਦੀ ਵੱਡੀ ਸਾਜ਼ਿਸ਼ ਨੂੰ ਨਾਕਾਮ ਕੀਤਾ ਗਿਆ। ਬੀਐਸਐਫ਼ ਤੇ ਅੰਮ੍ਰਿਤਸਰ ਪੁਲਿਸ ਨੇ 4.5 ਕਿਲੋ ਆਰਡੀਐਸ ਬਰਾਮਦ ਕੀਤਾ ਹੈ। ਜਾਣਕਾਰੀ ਮੁਤਾਬਕ ਬੀ.ਐੱਸ.ਐੱਫ਼. 117 ਬਟਾਲੀਅਨ ਨੇ ਪੁਲਿਸ ਨਾਲ ਮਿਲ ਕੇ ਸਾਂਝੇ ਤੌਰ 'ਤੇ ਚਲਾਏ ਅਭਿਆਨ ਦੌਰਾਨ ਵੱਡੀ ਮਾਤਰਾ ਵਿਚ ਅਸਲਾ ਅਤੇ ਆਰ.ਡੀ.ਐਕਸ. ਬਰਾਮਦ ਕੀਤਾ ਹੈ। ਇਹ ਬਰਾਮਦਗੀ ਪਿੰਡ ਸਾਹੋਵਾਲ ਨੇੜਲੇ ਇੱਕ ਕਿਸਾਨ ਦੇ ਕਣਕ ਦੇ ਖੇਤਾਂ 'ਚੋਂ ਹੋਈ ਹੈ।



ਬਰਾਮਦਗੀ ਦੌਰਾਨ ਦੋ ਵੱਡੇ ਪੈਕਟਾਂ ਵਿਚੋਂ 5 ਹੈਂਡ ਗ੍ਰਨੇਡ, 5 ਪਿਸਤੌਲ, 8 ਮੈਗਜ਼ੀਨ, 220 ਜ਼ਿੰਦਾ ਕਾਰਤੂਸ, 4.50 ਕਿਲੋ ਧਮਾਕਾ ਖੇਜ ਸਮੱਗਰੀ (ਆਰ.ਡੀ.ਐਕਸ), 2 ਬੈਟਰੀ ਚਾਰਜਰ ਅਤੇ ਦੋ ਰਿਮੋਟ ਬਰਾਮਦ ਹੋਏ ਹਨ। ਜਿਨ੍ਹਾਂ ਨੂੰ ਕਬਜ਼ੇ 'ਚ ਲੈ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਅਫਰੀਕੀ ਦੇਸ਼ ਕੀਨੀਆ ’ਚ 5000 ਕੀੜੀਆਂ ਦੀ ਤਸਕਰੀ ਦੇ ਦੋਸ਼ ’ਚ ਦੋ ਲੋਕਾਂ ਨੂੰ ਕੀਤਾ ਗ੍ਰਿਫ਼ਤਾਰ

**ਨਵੀਂ ਦਿਲੀ।** ਅਫਰੀਕੀ ਦੇਸ਼ ਕੀਨੀਆ ਵਿੱਚ ਕੀੜੀਆਂ ਦੀ ਤਸਕਰੀ ਨਾਲ ਸਬੰਧਤ ਇੱਕ ਮਾਮਲਾ ਸਾਹਮਣੇ ਆਇਆ ਹੈ। ਇੱਥੇ ਪੁਲਿਸ ਨੇ ਬੈਲਜੀਅਮ ਦੇ ਦੋ ਨੌਜਵਾਨਾਂ ਨੂੰ ਹਜ਼ਾਰਾਂ ਕੀੜੀਆਂ ਸਮੇਤ ਗ੍ਰਿਫ਼ਤਾਰ ਕੀਤਾ ਹੈ, ਇਨ੍ਹਾਂ ਕੀੜੀਆਂ ਦੀ ਕੀਮਤ ਲਗਭਗ 9,200 ਡਾਲਰ ਦੱਸੀ ਜਾ ਰਹੀ ਹੈ। ਇਨ੍ਹਾਂ ਨੂੰ ਕਥਿਤ ਤੌਰ 'ਤੇ ਯੂਰਪੀ ਅਤੇ ਏਸ਼ੀਆਈ ਬਾਜ਼ਾਰਾਂ ਵਿੱਚ ਤਸਕਰੀ ਕਰਕੇ ਲਿਜਾਇਆ ਜਾਣਾ ਸੀ। ਪੁਲਿਸ ਨੇ ਇਨ੍ਹਾਂ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਜੱਜ ਦੇ ਸਾਹਮਣੇ ਪੇਸ਼ ਕੀਤਾ। ਕੀਨੀਆ ਦੀ ਜੱਜ ਨਜੇਰੀ ਥੁਕੂ ਨੇ ਕਿਹਾ ਕਿ ਉਹ ਇਸ ਮਾਮਲੇ ’ਚ ਕੋਈ ਜਲਦਬਾਜ਼ੀ ’ਚ ਫ਼ੈਸਲਾ ਨਹੀਂ ਲਵੇਗੀ, ਪਰ 7 ਮਈ ਨੂੰ ਸਜ਼ਾ ਸੁਣਾਉਣ ਤੋਂ ਪਹਿਲਾਂ ਇਸਦੇ ਵਾਤਾਵਰਣ ਪ੍ਰਭਾਵ ਅਤੇ ਮੁੰਡਿਆਂ ਦੀਆਂ ਮਨੋਵਿਗਿਆਨਕ ਸਥਿਤੀਆਂ ਦੀ ਰਿਪੋਰਟ ਦੀ ਘੋਖ ਕਰੇਗੀ। ਰਿਪੋਰਟ ਦੇ ਅਨੁਸਾਰ, ਦੋ 19 ਸਾਲਾ ਬੈਲਜੀਅਨ ਆਦਮੀਆਂ, ਲਿਓਨਰੀ ਡੇਵਿਡ ਅਤੇ ਸੇਪੇ ਲੋਡੇਵਿਜਕ ਨੂੰ 5 ਅਪ੍ਰੈਲ ਨੂੰ ਇੱਕ ਗੈਸਟ ਹਾਊਸ ਵਿੱਚੋਂ 5,000 ਕੀੜੀਆਂ ਨਾਲ ਗ੍ਰਿਫਤਾਰ ਕੀਤਾ ਗਿਆ ਸੀ। 15 ਅਪ੍ਰੈਲ ਨੂੰ, ਦੋਵਾਂ 'ਤੇ ਕੀਨੀਆ ਦੇ ਜੰਗਲੀ ਜੀਵ ਸੁਰੱਖਿਆ ਕਾਨੂੰਨਾਂ ਦੀ ਉਲੰਘਣਾ ਕਰਨ ਦਾ ਦੋਸ਼ ਲਗਾਇਆ ਗਿਆ ਸੀ। ਜੱਜ ਦੇ ਸਾਹਮਣੇ ਆਪਣਾ ਬਚਾਅ ਪੇਸ਼ ਕਰਦੇ ਹੋਏ, ਦੋਵਾਂ ਨੇ ਕਿਹਾ ਕਿ ਉਨ੍ਹਾਂ ਨੂੰ ਪਤਾ ਨਹੀਂ ਸੀ ਕਿ ਕੀੜੀਆਂ ਰੱਖਣਾ ਗੈਰ-ਕਾਨੂੰਨੀ ਹੈ, ਉਹ ਇਹ ਸਿਰਫ਼ ਮਜ਼ੇ ਲਈ ਕਰ ਰਹੇ ਸਨ। ਇਸ ਮਾਮਲੇ ਬਾਰੇ, ਕੀਨੀਆ ਵਾਈਲਡਲਾਈਫ ਸਰਵਿਸ



ਕਮੇਟੀ ਨੇ ਕਿਹਾ ਕਿ ਇਹ ਮਾਮਲਾ ਤਸਕਰੀ ਦੇ ਰੁਝਾਨ ’ਚ ਬਦਲਾਅ ਨੂੰ ਦਰਸਾਉਂਦਾ ਹੈ। ਪਹਿਲਾਂ ਵੱਡੇ ਥਣਧਾਰੀ ਜੀਵਾਂ ਦੀ ਤਸਕਰੀ ਕੀਤੀ ਜਾਂਦੀ ਸੀ ਪਰ ਹੁਣ ਛੋਟੀਆਂ ਪਰ ਵਾਤਾਵਰਣ ਪੱਖੋਂ ਮਹੱਤਵਪੂਰਨ ਪ੍ਰਜਾਤੀਆਂ ਦੀ ਤਸਕਰੀ ਕੀਤੀ ਜਾਂਦੀ ਹੈ। ਪੁਲਿਸ ਨੇ ਦੱਸਿਆ ਕਿ ਦੋਵੇਂ ਨੌਜਵਾਨ ਬੈਲਜੀਅਮ ਤੋਂ ਟੂਰਿਸਟ ਵੀਜ਼ੇ 'ਤੇ ਕੀਨੀਆ ਆਏ ਸਨ। ਇੱਥੇ ਉਹ ਪੱਛਮੀ ਸ਼ਹਿਰ ਨਵਾਸ਼ਾ ਦੇ ਇੱਕ ਗੈਸਟ ਹਾਊਸ ਵਿੱਚ ਠਹਿਰਿਆ ਹੋਇਆ ਸੀ। ਇਹ ਸ਼ਹਿਰ ਆਪਣੇ ਜਾਨਵਰਾਂ ਦੇ ਪਾਰਕਾਂ ਅਤੇ ਝੀਲਾਂ ਲਈ ਮਸ਼ਹੂਰ ਹੈ। ਦੋਵਾਂ ਦੇ ਵਕੀਲ ਨੇ ਪ੍ਰੈਸ ਨੂੰ ਦੱਸਿਆ ਕਿ ਦੋਵੇਂ ਇਸ ਗੱਲ ਤੋਂ ਅਣਜਾਣ ਸਨ ਕਿ ਉਹ ਜੋ ਕਰ ਰਹੇ ਸਨ ਉਹ ਗੈਰ-ਕਾਨੂੰਨੀ ਸੀ। ਸਾਨੂੰ ਉਮੀਦ ਹੈ ਕਿ ਬੈਲਜੀਅਨ ਦੂਤਾਵਾਸ ਇਸ ਨਿਆਂਇਕ ਪ੍ਰਕਿਰਿਆ ਵਿੱਚ ਉਨ੍ਹਾਂ ਦਾ ਸਮਰਥਨ ਕਰੇਗਾ। ਇਨ੍ਹੀਂ ਦਿਨੀਂ ਕੀਨੀਆ ’ਚ ਕੀੜੀਆਂ ਦੀ ਤਸਕਰੀ ਵੱਧ ਰਹੀ ਹੈ। ਹਾਲ ਹੀ ’ਚ ਇੱਕ ਅਜਿਹਾ ਹੀ ਮਾਮਲਾ ਸਾਹਮਣੇ ਆਇਆ ਹੈ ਜਿਸ ’ਚ ਇੱਕ ਕੀਨੀਆਈ ਅਤੇ ਇੱਕ ਵੀਅਤਨਾਮੀ ਵਿਅਕਤੀ ਤੋਂ ਲਗਭਗ 400 ਕੀੜੀਆਂ ਬਰਾਮਦ ਕੀਤੀਆਂ ਗਈਆਂ ਹਨ। ਰਿਪੋਰਟਾਂ ਅਨੁਸਾਰ, ਚਾਰੇ ਸ਼ੱਕੀ ਇਨ੍ਹਾਂ ਨੂੰ ਯੂਰਪ ਅਤੇ ਏਸ਼ੀਆ ਦੇ ਬਾਜ਼ਾਰਾਂ ਵਿੱਚ ਤਸਕਰੀ ਕਰਨ ਵਿੱਚ ਸ਼ਾਮਲ ਸਨ। ਜਿਨ੍ਹਾਂ ਕੀੜੀਆਂ ਦੀ ਉਹ ਤਸਕਰੀ ਕਰ ਰਹੇ ਸਨ ਉਹ ਮੇਸਰ ਸੇਫਾਲੋਟਸ ਸਨ, ਜੋ ਪੂਰਬੀ ਅਫਰੀਕਾ ਵਿੱਚ ਪਾਈ ਜਾਣ ਵਾਲੀ ਇੱਕ ਵਿਲੱਖਣ, ਵੱਡੀ ਲਾਲ ਹਾਰਵੈਸਟਰ ਕੀੜੀ ਸੀ। ਇਹਨਾਂ ਕੀੜੀਆਂ ਨੂੰ ਉਹ ਲੋਕ ਖਰੀਦਦੇ ਹਨ ਜੋ ਇਹਨਾਂ ਨੂੰ ਪਾਲਤੂ ਜਾਨਵਰਾਂ ਵਜੋਂ ਰੱਖਦੇ ਹਨ ਜਾਂ ਆਪਣੀਆਂ ਬਸਤੀਆਂ ਵਿੱਚ ਇਹਨਾਂ ਨੂੰ ਦੇਖਦੇ ਹਨ। ਯੂਰਪ ਵਿੱਚ ਬਹੁਤ ਸਾਰੀਆਂ ਵੈੱਬਸਾਈਟਾਂ 'ਤੇ ਕੀੜੀਆਂ ਦੀਆਂ ਕਈ ਕਿਸਮਾਂ ਵੱਖ-ਵੱਖ ਕੀਮਤਾਂ 'ਤੇ ਵਿਕਰੀ ਲਈ ਉਪਲਬਧ ਹਨ।

Samaj Weekly
ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਮੁਸਲਿਮ ਭਾਈਚਾਰੇ ਵੱਲੋਂ ਪਾਕਿਸਤਾਨ ਮੁਰਦਾਬਾਦ ਦੇ ਨਾਅਰੇ ਲਗਾਉਂਦੇ ਹੋਏ ਅੱਤਵਾਦ ਦਾ ਪੁਤਲਾ ਫੂਕਿਆ



**ਜੀਰਾ।** ਜੀਰਾ ’ਚ ਮੁਸਲਿਮ ਭਾਈਚਾਰੇ ਵੱਲੋਂ ਪਾਕਿਸਤਾਨ ਮੁਰਦਾਬਾਦ ਦੇ ਨਾਅਰੇ ਲਗਾਉਂਦੇ ਹੋਏ ਅੱਤਵਾਦ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਉਹਨਾਂ ਕਿਹਾ ਕਿ ਹਿੰਦੂ ਮੁਸਲਿਮ ਸਿੱਖ ਇਸਾਈ ਸਾਰੇ ਆਪਸ ਵਿੱਚ ਭਰਾ ਹਨ ਤੇ ਇਸ ਮਾਹੌਲ ਨੂੰ ਖ਼ਰਾਬ ਕਰਨ ਵਾਸਤੇ ਜੋ ਲੋਕ ਕਤਲੇਆਮ ਕਰ ਰਹੇ ਹਨ ਉਹ ਕਿਸੇ ਵੀ ਧਰਮ ਦੇ ਲੋਕ ਨਹੀਂ ਹਨ। ਉਹਨਾਂ ਕਿਹਾ ਕਿ ਪਹਿਲਗਾਮ ਵਿੱਚ ਕੀਤੀਆਂ ਗਈਆਂ ਹੱਤਿਆਵਾਂ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸਖ਼ਤ ਐਕਸ਼ਨ ਲੈਣਾ ਚਾਹੀਦਾ ਹੈ। ਜਿਸ ਨਾਲ ਇਹਨਾਂ ਅੱਤਵਾਦੀਆਂ ਨੂੰ ਸਬਕ ਮਿਲ ਸਕੇ। ਉਹਨਾਂ ਕਿਹਾ ਕਿ ਅਸੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹਰ ਫ਼ੈਸਲੇ ਨਾਲ ਸਹਿਮਤ ਹਾਂ।

## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਮੇਧਾ ਪਾਟਕਰ 24 ਸਾਲ ਪੁਰਾਣੇ ਮਾਣਹਾਨੀ ਮਾਮਲੇ ’ਚ ਗ੍ਰਿਫ਼ਤਾਰ



**ਨਵੀਂ ਦਿਲੀ।** ਦਿੱਲੀ ਪੁਲਿਸ ਨੇ 24 ਸਾਲ ਪੁਰਾਣੇ ਮਾਣਹਾਨੀ ਮਾਮਲੇ ਵਿੱਚ ਪ੍ਰੋਬੇਸ਼ਨ ਬਾਂਡ ਜਮ੍ਹਾ ਨਾ ਕਰਨ ’ਤੇ ਦੋ ਦਿਨ ਪਹਿਲਾਂ ਅਦਾਲਤ ਵਲੋਂ ਗ਼ੈਰ ਜ਼ਮਾਨਤੀ ਵਾਰੰਟ ਜਾਰੀ ਕੀਤੇ ਜਾਣ ਦੇ ਬਾਅਦ ਸ਼ੁਕਰਵਾਰ ਨੂੰ ਸਮਾਜਕ ਕਾਰਕੁਨ ਮੇਧਾ ਪਾਟਕਰ ਨੂੰ ਗ੍ਰਿਫ਼ਤਾਰ ਕਰ ਲਿਆ। ਇਹ ਮਾਮਲਾ ਦਿੱਲੀ ਦੇ ਉਪ ਰਾਜਪਾਲ ਵਿਨੈ ਕੁਮਾਰ ਸਕਸੈਨਾ ਦੁਆਰਾ ਦਾਇਰ ਕੀਤਾ ਗਿਆ ਸੀ।

ਇੱਕ ਪੁਲਿਸ ਟੀਮ ਸਵੇਰੇ ਦੱਖਣ-ਪੂਰਬੀ ਦਿੱਲੀ ਦੇ ਨਿਜ਼ਾਮੂਦੀਨ ਖੇਤਰ ਵਿੱਚ ਪਾਟਕਰ ਦੇ ਘਰ ਪਹੁੰਚੀ ਅਤੇ ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਲਿਆ। ਡਿਪਟੀ ਕਮਿਸ਼ਨਰ ਆਫ਼ ਪੁਲਿਸ (ਦੱਖਣੀ ਪੂਰਬ) ਰਵੀ ਕੁਮਾਰ ਸਿੰਘ ਨੇ ਕਿਹਾ, ‘‘ਅਸੀਂ ਗ਼ੈਰ-ਜ਼ਮਾਨਤੀ ਵਾਰੰਟ ’ਤੇ ਮੇਧਾ ਪਾਟਕਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ।’’

ਇਸ ਤੋਂ ਪਹਿਲਾਂ 8 ਅਪ੍ਰੈਲ ਨੂੰ, ਐਡੀਸ਼ਨਲ ਸੈਸ਼ਨ ਜੱਜ (ਏ.ਐਸ.ਜੇ.) ਅਮਿਤਾਭ ਰਾਵਤ ਨੇ ਪਾਟਕਰ ਨੂੰ ਇੱਕ ਸਾਲ ਦੀ ਪ੍ਰੋਬੇਸ਼ਨ ਦਿੱਤੀ ਅਤੇ ਕਿਹਾ ਕਿ ਅਪਰਾਧ ਅਜਿਹਾ ਨਹੀਂ ਸੀ ਕਿ ਇਸ ਲਈ ਕੈਦ ਦੀ ਸਜ਼ਾ ਦਿਤੀ ਜਾਵੇ। ਅਦਾਲਤ ਨੇ ਇਸ ਲਈ ਪਾਟਕਰ ਦੇ ਨਰਮਦਾ ਬਚਾਓ ਅੰਦੋਲਨ (ਐਨ.ਬੀ.ਏ.) ਦੇ ਆਗੂ ਹੋਣ ਅਤੇ ਕਈ ਪੁਰਸਕਾਰਾਂ ਨਾਲ ਸਨਮਾਨਤ ਹੋਣ ਦਾ ਹਵਾਲਾ ਦਿੱਤਾ ਸੀ।

ਆਦੇਸ਼ ਦੇ ਅਨੁਸਾਰ, ਪਾਟਕਰ ਨੂੰ 23 ਅਪ੍ਰੈਲ ਤੱਕ ਪ੍ਰੋਬੇਸ਼ਨ ਬਾਂਡ ਜਮ੍ਹਾਂ ਕਰਾਉਣ ਦਾ ਨਿਰਦੇਸ਼ ਦਿੱਤਾ ਗਿਆ ਸੀ। ਹਾਲਾਂਕਿ, ਕਿਉਂਕਿ ਹੁਕਮ ਦੀ ਪਾਲਣਾ ਨਹੀਂ ਕੀਤੀ ਗਈ, ਅਦਾਲਤ ਨੇ ਉਸਦੇ ਵਿਰੁੱਧ ਗ਼ੈਰ-ਜ਼ਮਾਨਤੀ ਵਾਰੰਟ ਜਾਰੀ ਕਰ ਦਿਤਾ।

# 15 ਸਾਲਾ ਧੀ ਨੇ 50 ਸਾਲਾਂ ਪਿਓ ਦਾ ਕੁਹਾੜੀ ਮਾਰ ਕੇ ਕੀਤਾ ਕਤਲ



**ਛੱਤੀਸਗੜ੍ਹ।** ਛੱਤੀਸਗੜ੍ਹ ਦੇ ਜਸ਼ਪੁਰ ਜ਼ਿਲ੍ਹੇ ਵਿੱਚ ਪੁਲਿਸ ਨੇ ਇੱਕ 15 ਸਾਲਾ ਧੀ ਨੂੰ ਆਪਣੇ ਪਿਤਾ ਦੀ ਹੱਤਿਆ ਦੇ ਦੋਸ਼ ਵਿੱਚ ਹਿਰਾਸਤ ਵਿੱਚ ਲਿਆ ਹੈ। ਪੁਲਿਸ ਅਧਿਕਾਰੀਆਂ ਨੇ ਸ਼ੁੱਕਰਵਾਰ ਨੂੰ ਇਹ ਜਾਣਕਾਰੀ ਦਿੱਤੀ। ਜਸ਼ਪੁਰ ਜ਼ਿਲ੍ਹੇ ਦੇ ਪੁਲਿਸ ਸੁਪਰਡੈਂਟ ਸ਼ਸ਼ੀ ਮੋਹਨ ਸਿੰਘ ਨੇ ਕਿਹਾ ਕਿ ਪੁਲਿਸ ਨੇ ਜ਼ਿਲ੍ਹੇ ਦੇ ਬਾਘਬਹਾਰ ਥਾਣਾ ਖੇਤਰ ਵਿੱਚ ਕਤਲ ਦੇ ਦੋਸ਼ ਵਿੱਚ ਇੱਕ 50 ਸਾਲਾ ਵਿਅਕਤੀ ਦੀ ਧੀ ਨੂੰ ਹਿਰਾਸਤ ਵਿੱਚ ਲਿਆ ਹੈ। ਉਨ੍ਹਾਂ ਕਿਹਾ ਕਿ ਧੀ ਨੇ ਇਹ ਕਦਮ ਇਸ ਲਈ ਚੁੱਕਿਆ ਕਿਉਂਕਿ ਉਹ ਆਪਣੇ ਪਿਤਾ ਵੱਲੋਂ ਹਰ ਰੋਜ਼ ਸ਼ਰਾਬ ਪੀਣ ਤੋਂ ਬਾਅਦ ਕੁੱਟਮਾਰ ਕਰਨ ਤੋਂ ਤੰਗ ਆ ਗਈ ਸੀ। ਸਿੰਘ ਨੇ ਕਿਹਾ ਕਿ ਪੁਲਿਸ ਨੂੰ 22 ਅਪ੍ਰੈਲ ਨੂੰ ਸੂਚਨਾ ਮਿਲੀ ਸੀ ਕਿ ਬਾਘਬਹਾਰ ਥਾਣਾ ਖੇਤਰ ਦੇ ਇੱਕ ਪਿੰਡ ਵਿੱਚ ਕਿਸੇ ਨੇ ਕੁਹਾੜੀ ਨਾਲ ਇੱਕ ਵਿਅਕਤੀ ਦੀ ਹੱਤਿਆ ਕਰ ਦਿੱਤੀ ਹੈ। ਜਾਣਕਾਰੀ ਤੋਂ ਬਾਅਦ, ਇੱਕ ਪੁਲਿਸ ਟੀਮ ਪਿੰਡ ਭੇਜੀ ਗਈ ਅਤੇ ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ।ਉਨ੍ਹਾਂ ਕਿਹਾ ਕਿ ਮਾਮਲੇ ਦੀ ਜਾਂਚ ਦੌਰਾਨ ਪੁਲਿਸ ਨੂੰ ਜਾਣਕਾਰੀ ਮਿਲੀ ਕਿ 21 ਅਪ੍ਰੈਲ ਦੀ ਰਾਤ ਨੂੰ ਕਰੀਬ 9:30 ਵਜੇ, ਉਸ ਵਿਅਕਤੀ ਦੀ ਧੀ ਆਪਣੇ ਘਰੋਂ ਨਿਕਲ ਕੇ ਇੱਕ ਗੁਆਂਢੀ ਪਰਿਵਾਰ ਕੋਲ ਗਈ ਅਤੇ ਰੋਣ ਲੱਗ ਪਈ ਅਤੇ ਦੱਸਿਆ ਕਿ ਕਿਸੇ ਨੇ ਉਸਦੇ ਪਿਤਾ ਨੂੰ ਮਾਰ ਦਿੱਤਾ ਹੈ ਅਤੇ ਉਸਦੇ ਸਿਰ ਤੋਂ ਖੂਨ ਵਹਿ ਰਿਹਾ ਸੀ।ਅਧਿਕਾਰੀ ਨੇ ਕਿਹਾ ਕਿ ਪੁਲਿਸ ਨੂੰ ਲੜਕੀ ਦੇ ਬਿਆਨ ’ਤੇ ਸ਼ੱਕ ਸੀ, ਇਸ ਲਈ ਉਸਦੀ ਮਾਂ ਦੇ ਸਾਹਮਣੇ ਉਸ ਤੋਂ ਪੁੱਛਗਿੱਛ ਕੀਤੀ ਗਈ। ਪੁੱਛਗਿੱਛ ਦੌਰਾਨ ਲੜਕੀ ਨੇ ਆਪਣਾ ਅਪਰਾਧ ਕਬੂਲ ਕਰ ਲਿਆ। ਸਿੰਘ ਨੇ ਕਿਹਾ ਕਿ ਲੜਕੀ ਦੇ ਬਿਆਨ ਅਨੁਸਾਰ, ਉਸਦਾ ਪਿਤਾ ਸ਼ਰਾਬ ਦੇ ਨਸ਼ੇ ਵਿੱਚ ਉਸਨੂੰ ਅਤੇ ਉਸਦੀ ਮਾਂ ਨੂੰ ਹਰ ਰੋਜ਼ ਕੁੱਟਦਾ ਸੀ, ਜਿਸ ਕਾਰਨ ਉਸਦੀ ਮਾਂ ਪਰੇਸ਼ਾਨ ਹੋ ਗਈ ਅਤੇ 21 ਅਪ੍ਰੈਲ ਨੂੰ ਸ਼ਾਮ 5 ਵਜੇ ਆਪਣੇ ਪੇਕੇ ਘਰ ਚਲੀ ਗਈ। ਸਿੰਘ ਨੇ ਕਿਹਾ ਕਿ ਇਸ ਤੋਂ ਬਾਅਦ ਲੜਕੀ ਦਾ ਪਿਤਾ ਬਾਹਰ ਗਿਆ ਅਤੇ ਰਾਤ 9 ਵਜੇ ਦੇ ਕਰੀਬ ਸ਼ਰਾਬ ਪੀ ਕੇ ਘਰ ਪਰਤਿਆ ਅਤੇ ਲੜਕੀ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਕਿਹਾ ਕਿ ਗੁੱਸੇ ਵਿੱਚ ਆ ਕੇ ਲੜਕੀ ਨੇ ਘਰ ਵਿੱਚ ਰੱਖੀ ਕੁਹਾੜੀ ਨਾਲ ਆਪਣੇ ਪਿਤਾ ਦੇ ਸਿਰ ’ਤੇ ਵਾਰ ਕੀਤਾ, ਜਿਸ ਕਾਰਨ ਉਸਦੀ ਮੌਤ ਹੋ ਗਈ। ਅਧਿਕਾਰੀ ਨੇ ਕਿਹਾ ਕਿ ਪੁਲਿਸ ਨੇ ਹਮਲੇ ਵਿੱਚ ਵਰਤੀ ਗਈ ਕੁਹਾੜੀ ਨੂੰ ਜ਼ਬਤ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਲੜਕੀ ਨੂੰ ਵੀਰਵਾਰ ਨੂੰ ਜੁਵੇਨਾਈਲ ਜਸਟਿਸ ਬੋਰਡ ਸਾਹ-ਮਣੇ ਪੇਸ਼ ਕੀਤਾ ਗਿਆ।

# ਜੰਮੂ-ਕਸ਼ਮੀਰ ਦੇ ਬਾਂਦੀਪੋਰਾ ਵਿੱਚ ਇੱਕ ਅਤਿਵਾਦੀ ਢੇਰ, 2 ਜਵਾਨ ਜ਼ਖ਼ਮੀ



**ਬਾਂਦੀਪੋਰਾ।** ਉੱਤਰੀ ਕਸ਼ਮੀਰ ਦੇ ਬਾਂਦੀਪੋਰਾ ਜ਼ਿਲ੍ਹੇ ਵਿੱਚ ਫੌਜ ਅਤੇ ਅਤਿਵਾਦੀਆਂ ਵਿਚਕਾਰ ਚੱਲ ਰਹੇ ਮੁਕਾਬਲੇ ਵਿੱਚ ਇੱਕ ਅਤਿਵਾਦੀ ਮਾਰਿਆ ਗਿਆ ਹੈ। ਇਸ ਦੇ ਨਾਲ ਹੀ ਦੋ ਸੈਨਿਕ ਜ਼ਖ਼ਮੀ ਹੋ ਗਏ ਹਨ। ਇਸ ਤੋਂ ਪਹਿਲਾਂ ਸ਼ੁੱਕਰਵਾਰ ਸਵੇਰੇ ਸੁਰੱਖਿਆ ਬਲਾਂ ਅਤੇ ਅੱਤਵਾਦੀਆਂ ਵਿਚਕਾਰ ਮੁਕਾਬਲਾ ਸ਼ੁਰੂ ਹੋਇਆ ਸੀ। ਮਾਰੇ ਗਏ ਅਤਿਵਾਦੀ ਦਾ ਨਾਮ ਅਲਤਾਫ ਦੱਸਿਆ ਜਾ ਰਿਹਾ ਹੈ। ਪਹਿਲਗਾਮ ਅਤਿਵਾਦੀ ਹਮਲੇ ਤੋਂ ਬਾਅਦ ਜੰਮੂ-ਕਸ਼ਮੀਰ ਵਿੱਚ ਪਿਛਲੇ 2 ਦਿਨਾਂ ਵਿੱਚ ਇਹ ਚੌਥਾ ਮੁਕਾਬਲਾ ਹੈ। ਇਹ ਮੁਕਾਬਲਾ ਕੁਲਨਾਰ ਇਲਾਕੇ ਵਿੱਚ ਹੋਇਆ, ਜਿੱਥੇ ਅਤਿਵਾਦੀਆਂ ਦੀ ਮੌਜੂਦਗੀ ਦੀ ਸੂਚਨਾ ਮਿਲਣ ਤੋਂ ਬਾਅਦ ਫੌਜ ਅਤੇ ਪੁਲਿਸ ਨੇ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ ਸੀ। ਜਿਵੇਂ ਹੀ ਜਵਾਨ ਇਲਾਕੇ ਵਿੱਚ ਪਹੁੰਚੇ, ਅਤਿਵਾਦੀਆਂ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ, ਜਿਸ ਤੋਂ ਬਾਅਦ ਮੁਕਾਬਲਾ ਸ਼ੁਰੂ ਹੋ ਗਿਆ।

SHAM LAL CHANDER
ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਸਾਹਿਬਜ਼ਾਦਾ ਅਜੀਤ ਸਿੰਘ ਸੰਸਥਾ ਵਰਕਰ ਕਲੱਬ ਆਰ ਸੀ ਐਫ ਦੁਆਰਾ "ਜਸ਼ਨੇ ਏ ਵਿਸਾਖੀ" ਉਤਸਵ ਦਾ ਆਯੋਜਨ









**ਕਪੂਰਥਲਾ (ਕੌੜਾ)–** ਸਾਹਿਬ-ਜਾਦਾ ਅਜੀਤ ਸਿੰਘ ਸੰਸਥਾ ਵਰਕਰ ਕਲੱਬ ਰੇਲ ਕੋਚ ਫੈਕਟਰੀ ਵੱਲੋਂ "ਜਸ਼ਨੇ ਏ ਵਿਸਾਖੀ " ਉਤਸਵ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਆਰ ਸੀ ਐਫ ਦੇ 2ਸਾਲ ਤੋਂ ਲੈ ਕੇ 12 ਸਾਲ ਤੱਕ ਦੇ ਬੱਚਿਆਂ ਨੇ ਪੰਜਾਬ ਦੇ ਅਮੀਰ ਵਿਰਸੇ ਦੇ ਸੰਸਕ੍ਰਿਤੀ ਨੂੰ ਪੰਜਾਬੀ ਪ੍ਰਤਿਯੋਗਤਾਵਾਂ ਦੇ ਆਯੋਜਨ ਦੁਆਰਾ ਜਿਸ ਵਿੱਚ ਪੰਜਾਬੀ ਪੋਸ਼ਾਕ, ਪੰਜਾਬੀ ਭਾਸ਼ਾ, ਗਤਕਾ, ਗਿੱਧਾ ਭੰਗੜਾ ਪੱਗ ਆਦਿ ਨਾਚ ਦੇ ਨਾਲ ਨਾਲ ਬੱਚਿਆਂ ਨੇ ਫਸਲ ਦੇ ਚਿਤਰਨ ਕਰ ਪੰਜਾਬੀ ਦੇ ਅਮੀਰ ਵਿਰਸੇ ਇਤਿਹਾਸ ਨੂੰ ਜੋੜਨ ਦਾ ਬਹੁਤ ਵੱਡਾ ਯਤਨ ਕੀਤਾ । ਜਿਸ ਨੂੰ ਸਾਰੇ ਹੀ ਆਏ ਹੋਏ ਦਰਸ਼ਕਾਂ ਨੇ ਬਹੁਤ ਸਰਾਇਆ। ਸਕੱਤਰ ਵਰਕਰ ਕਲੱਬ ਨਰੇਸ਼ ਭਾਰਤੀ ਨੇ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਦੇ ਲਈ ਅਵਤਾਰ ਸਿੰਘ ਸੱਭਿਆਚਾਰਕ ਸਕੱਤਰ ਤੇ ਖੇਡ ਸਕੱਤਰ ਹਰਪ੍ਰੀਤ ਸਿੰਘ, ਲਾਈਬ੍ਰੇਰੀ ਸਕੱਤਰ ਅਸ਼ਵਨੀ ਕੁਮਾਰ, ਵਿਨੋਦ ਕੁਮਾਰ, ਖਾਨ ਪਾਨ ਸਕੱਤਰ ਨੀਲ ਕੁਮਾਰ ਦੇ ਨਾਲ ਨਾਲ ਸ਼੍ਰੀਮਤੀ ਸ਼ੀਤਲ ਛਾਇਆ, ਰਾਜਵੀਰ ਕੌਰ, ਕਮਲਜੀਤ ਕੌਰ, ਪਰਵੀਨ ਵਿੱਚ ,ਅੰਮ੍ਰਿਤ ਬਾਣੀ, ਮਾਨ ਸਿੰਘ, ਹਰਪਾਲ ਕੌਰ ਤੇ ਬੱਚਿਆਂ ਦੇ ਮਾਤਾ ਪਿਤਾ ਦੇ ਨਾਲ ਨਾਲ ਜੱਜ ਸਾਹਿਬਾ ਸ਼੍ਰੀਮਤੀ ਗੁਰਪ੍ਰੀਤ ਕੌਰ ਸ਼੍ਰੀਮਤੀ ਪਰਮਿੰਦਰ ਕੌਰ ਪਨੇਸਰ ਦਾ ਇਸ ਸਮਾਰੋਹ ਨੂੰ ਸਫਲ ਬਣਾਉਣ ਦੇ ਲਈ ਧੰਨਵਾਦ ਕੀਤਾ । ਸਕੱਤਰ ਨਰੇਸ਼ ਭਾਰਤੀ ਵੱਲੋਂ ਸਾਰੇ ਹੀ ਬੱਚਿਆਂ ਨੂੰ ਪਹਿਲੇ, ਦੂਸਰੇ ਤੇ ਤੀਜੇ ਸਥਾਨ ਤੇ ਰਹਿਣ ਲਈ ਸਨਮਾਨਿਤ ਕੀਤਾ ਗਿਆ ।ਇਸ ਮੌਕੇ ਤੇ ਅਮਰੀਕ ਸਿੰਘ, ਸਰਬਜੀਤ ਸਿੰਘ ਨੇ ਇਸ ਦੌਰਾਨ ਵਿਸ਼ੇਸ਼ ਤੌਰ ਤੇ ਇੰਡੀਅਨ ਗੋਲਫ ਯੂਨੀਅਨ ਦੇ ਕੈਸ਼ੀਅਰ ਸੰਜੀਵ ਰਤਨ, ਅਭਿਮਨਿਊ ,ਸ਼੍ਰੀ ਅਜ਼ਾਦ ਨੇ ਵੀ ਸਾਰੇ ਬੱਚਿਆਂ ਨੂੰ ਆਪਣਾ ਅਸ਼ੀਰਵਾਦ ਦਿੱਤਾ।ਸੰਸਥਾਨ ਸੰਮਤੀ ਦੁਆਰਾ ਰੇੜਿਕਾ ਪਰਿਵਾਰ ਵੱਲੋਂ ਆਏ ਹੋਏ ਵਿਸ਼ੇਸ਼ ਮਹਿਮਾਨਾਂ ਨੂੰ ਸਨਮਾਨਿਤ ਕੀਤਾ। ਸਕੱਤਰ ਦੇ ਪ੍ਰਧਾਨ ਸ਼੍ਰੀ ਬਲਦੇਵ ਰਾਜ ਪ੍ਰਮੋਦ ਕੁਮਾਰ ਦ ਸਮਾਰੋਹ ਨੂੰ ਸਫਲ ਬਣਾਉਣ ਦੇ ਲਈ ਆਪਣਾ ਭਰਪੂਰ ਸਹਿਯੋਗ ਦਿੱਤਾ।

# ਅਕਾਲੀ ਆਗੂ ਮੁਖਤਿਆਰ ਸਿੰਘ ਝੰਡੇਰ ਨੇ ਪਹਿਲਗਾਮ ਅੱਤਵਾਦੀ ਹਮਲੇ ਦੀ ਕੀਤੀ ਨਿੰਦਾ, ਪੀੜਤ ਪਰਿਵਾਰਾਂ ਨਾਲ ਹਮਦਰਦੀ ਕੀਤੀ ਜ਼ਾਹਿਰ



ਮੁਖਤਿਆਰ ਸਿੰਘ ਝੰਡੇਰ

**ਲੈਸਟਰ (ਇੰਗਲੈਂਡ),** 25 ਅਪ੍ਰੈਲ (ਸੁਖਜਿੰਦਰ ਸਿੰਘ ਢੱਡੇ)– ਬੀਤੇ ਦਿਨੀ ਜੰਮੂ ਕਸ਼ਮੀਰ ਦੇ ਪਹਿਲਗਾਮ ਚ ਹੋਏ ਅੱਤਵਾਦੀ ਹਮਲੇ ਦੌਰਾਨ ਸ਼ਹੀਦ ਹੋਏ ਸੈਲਾਨੀਆ ਦੀ ਮੌਤ ਤੇ ਦੁੱਖ ਪ੍ਰਗਟ ਕਰਦਿਆਂ ਇੰਗਲੈਂਡ ਤੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸੀਨੀਅਰ ਆਗੂ ਮੁਖਤਾਰ ਸਿੰਘ ਝੰਡੇਰ ਨੇ ਕਿਹਾ ਇਸ ਅੱਤਵਾਦੀ ਹਮਲੇ ਦੀ ਕਰੜੇ ਸ਼ਬਦਾਂ 'ਚ ਨਿੰਦਾ ਕਰਦਿਆਂ ਪੀੜਤ ਪਰਿਵਾਰਾਂ ਲਈ ਹਮਦਰਦੀ ਜ਼ਾਹਿਰ ਕੀਤੀ । ਸ ਝੰਡੇਰ ਨੇ ਸ਼ਹੀਦ ਹੋਏ ਸੈਲਾਨੀਆ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਨੂੰ ਤੁਰੰਤ ਦੋਸ਼ੀਆਂ ਦੀ ਭਾਲ ਕਰਕੇ ਸਖਤ ਤੋਂ ਸਖਤ ਸਜ਼ਾਵਾਂ ਦੇਣੀਆਂ ਚਾਹੀਦੀਆਂ ਹਨ,ਤਾਂ ਜੋ ਅੱਗੇ ਤੋਂ ਕੋਈ ਵੀ ਅੱਤਵਾਦੀ ਸੰਗਠਨ ਅਜਿਹੀ ਹਰਕਤ ਨਾ ਕਰ ਸਕੇ। ਸ ਝੰਡੇਰ ਨੇ ਕਿਹਾ ਕਿ ਅਜਿਹੀਆਂ ਕਾਇਰਾਂਨਾ ਅਤੇ ਡਰਪੋਕ ਅੱਤਵਾਦੀ ਕਾਰਵਾਈਆਂ ਕਾਰਨ ਦੇਸ਼ ਚ ਸਹਿਮ ਦਾ ਮਾਹੌਲ ਪੈਦਾ ਹੁੰਦਾ ਹੈ ਅਤੇ ਵਿਦੇਸ਼ਾਂ ਤੋਂ ਜਾਣ ਵਾਲੇ ਸੈਲਾਨੀਆ ਚ ਖੌਫ ਦਾ ਮਾਹੌਲ ਪੈਦਾ ਹੁੰਦਾ ਹੈ।ਇਸ ਮੌਕੇ ਤੇ ਸ ਝੰਡੇਰ ਦੇ ਨਾਲ ਮੰਗਤ ਸਿੰਘ ਪਲਾਹੀ,ਕੇ ਬੀ ਢੀਂਡਸਾ, ਸਮੇਤ ਹੋਰ ਬਹੁਤ ਸਾਰੇ ਪ੍ਰਵਾਸੀ ਪੰਜਾਬੀਆਂ ਨੇ ਇਸ ਅੱਤਵਾਦੀ ਹਮਲੇ ਦੀ ਕਰੜੇ ਸ਼ਬਦਾਂ 'ਚ ਨਿੰਦਾ ਕੀਤੀ ਹੈ।

# ਰੇਲ ਕੋਚ ਫੈਕਟਰੀ ਕਪੂਰਥਲਾ ਵਿਖੇ ਵਿਸ਼ਵ ਵਿਰਾਸਤ ਦਿਵਸ ਦਾ ਆਯੋਜਨ

**ਕਪੂਰਥਲਾ ( ਕੌੜਾ)–** ਰੇਲ ਕੋਚ ਫੈਕਟਰੀ, ਕਪੂਰਥਲਾ ਵਿਖੇ ਵਿਸ਼ਵ ਵਿਰਾਸਤ ਦਿਵਸ-2025 ਮਨਾਇਆ ਗਿਆ। ਜਨਰਲ ਮੈਨੇਜਰ ਸ਼੍ਰੀ ਐਸ.ਐਸ. ਮਿਸ਼ਰਾ ਨੇ ਹੋਰ ਅਧਿਕਾਰੀਆਂ ਦੇ ਨਾਲ ਰੇਲ ਕੋਚ ਫੈਕਟਰੀ ਵਿੱਚ ਸਥਾਪਤ ਰੇਲਵੇ ਹੈਰੀਟੇਜ ਪਾਰਕ ਦਾ ਦੌਰਾ ਕੀਤਾ। ਉਨ੍ਹਾਂ ਨੇ ਵੱਖ-ਵੱਖ ਰੇਲਵੇ ਤੋਂ ਲਿਆਂਦੇ ਗਏ 100 ਸਾਲ ਤੋਂ ਵੱਧ ਪੁਰਾਣੇ ਵਿਸ਼ੇਸ਼ ਨੈਰੋ ਗੇਜ ਅਤੇ ਨੈਰੋ ਗੇਜ ਇੰਜਣਾਂ ਅਤੇ ਕੋਚਾਂ ਨੂੰ ਦੇਖਿਆ ਅਤੇ ਉਨ੍ਹਾਂ ਨੂੰ ਹੋਰ ਸੁੰਦਰ ਅਤੇ ਆਕਰਸ਼ਕ ਬਣਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਪਾਰਕ ਵਿੱਚ ਇੱਕ ਵਿਰਾਸਤੀ ਕੰਧ ਵੀ ਦੇਖੀ ਜੋ 1985 ਤੋਂ ਰੇਲ ਕੋਚ ਫੈਕਟਰੀ ਦੇ ਇਤਿਹਾਸ ਨੂੰ ਦਰਸਾਉਂਦੀ ਹੈ । ਰੇਲ ਕੋਚ ਫੈਕਟਰੀ, ਕਪੂਰਥਲਾ ਦੇ ਇਤਿਹਾਸ ਨੂੰ ਇਸ ਕੰਧ 'ਤੇ ਤਸਵੀਰਾਂ ਰਾਹੀਂ ਦਰਸਾਇਆ ਗਿਆ ਹੈ ।ਇਸ ਤੋਂ ਇਲਾਵਾ, ਰੇਲਵੇ ਹੈਰੀਟੇਜ ਪਾਰਕ ਵਿੱਚ, ਸ਼੍ਰੀ ਐਸ.ਐਸ. ਮਿਸ਼ਰਾ ਅਤੇ ਸੀਨੀਅਰ ਵਿਭਾਗ ਮੁਖੀਆਂ ਨੇ ਵਾਤਾਵਰਣ ਨੂੰ ਹਰਾ-ਭਰਾ ਰੱਖਣ ਲਈ ਰੁੱਖ ਲਗਾਏ ।



# ਗ੍ਰਾਮ ਪੰਚਾਇਤ ਛੋਕਰਾਂ ਵਲੋਂ 'ਯੁੱਧ ਨਸ਼ਿਆਂ ਵਿਰੁੱਧ' ਸੈਮੀਨਾਰ ਅੱਜ

**ਫਿਲੌਰ/ਅੱਪਰਾ (ਦੀਪਾ)–** ਗ੍ਰਾਮ ਪੰਚਾਇਤ ਪਿੰਡ ਛੋਕਰਾਂ ਵਲੋਂ 'ਯੁੱਧ ਨਸ਼ਿਆਂ ਵਿਰੁੱਧ' ਸੈਮੀਨਾਰ ਅੱਜ ਖਾਲਸਾ ਚੌਂਕ ਛੋਕਰਾਂ ਵਿਖੇ ਸਵੇਰੇ 11 ਵਜੇ ਤੋਂ ਲੈ ਕੇ 2 ਵਜੇ ਤੱਕ ਕਰਵਾਇਆ ਜਾ ਰਿਹਾ ਹੈ । ਇਸ ਮੌਕੇ ਸ. ਸਰਵਣ ਸਿੰਘ ਬੱਲ ਡੀ. ਐੱਸ. ਪੀ ਫਿਲੌਰ, ਸ੍ਰੀਮਤੀ ਨਰੇਸ਼ ਕੁਮਾਰੀ ਐੱਸ. ਐੱਚ. ਓ ਥਾਣਾ ਔੜ, ਸ੍ਰੀਮਤੀ ਰਜਿੰਦਰ ਕੌਰ ਬਾਜਵਾ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਫਿਲੌਰ, ਇੰਸਪੈਕਟਰ ਸੰਜੀਵ ਕਪੂਰ ਥਾਣਾ ਮੁਖੀ ਫਿਲੌਰ, ਸਬ ਇੰਸਪੈਕਟਰ ਸ. ਪਵਿੱਤਰ ਸਿੰਘ ਚੌਂਕੀ ਇੰਚਾਰਜ ਅੱਪਰਾ, ਡਾ. ਗੁਰਨੇਕ ਲਾਲ ਹੈਲਥ ਸੁਪਰਵਾਈਜ਼ਰ ਅੱਪਰਾ, ਸ੍ਰੀਮਤੀ ਜੋਗਿੰਦਰ ਕੌਰ ਸੀ. ਡੀ. ਪੀ. ਓ (ਵਾਧੂ ਚਾਰਜ), ਸ੍ਰੀਮਤੀ ਕੁਲਵੀਰ ਕੌਰ ਸੁਪਰਵਾਈਜ਼ਰ ਸਮਾਜਿਕ ਸੁਰੱਕਿਆ ਤੇ ਇਸਤਰੀ ਬਾਲ ਵਿਕਾਸ ਵਿਭਾਗ ਪਹੁੰਚ ਕੇ ਆਪਣੇ ਵਿਚਾਰ ਪੇਸ਼ ਕਰਨਗੇ ਤੇ ਯੁਵਾ ਪੀੜੀ ਨੂੰ ਨਸ਼ਾ ਰਹਿਤ ਰਹਿਣ ਲਈ ਜਾਗਰੂਕ ਕਰਨਗੇ ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਆਰ.ਸੀ.ਐਫ. ਇੰਪਲਾਈਜ਼ ਯੂਨੀਅਨ ਦਾ ਜਨ ਜਾਗਰਣ ਅਭਿਆਨ ਜਾਰੀ

## ਕਰਮਚਾਰੀਆਂ ਦੇ ਹੱਕਾਂ ਲਈ ਇੱਕਜੁੱਟ ਆਵਾਜ਼, ਪੁਰਾਣੀ ਪੈਨਸ਼ਨ ਬਹਾਲੀ ਲਈ ਦਿੱਲੀ ਚੱਲੋ ਦਾ ਸੱਦਾ –ਸਰਬਜੀਤ ਸਿੰਘ

**ਕਪੂਰਥਲਾ (ਕੌੜਾ )–** ਆਰ.ਸੀ.ਐਫ. ਇੰਪਲਾਈਜ਼ ਯੂਨੀਅਨ ਵੱਲੋਂ ਵਿੱਢਿਆ ਗਿਆ ਜਨ ਜਾਗਰਣ ਅਭਿਆਨ ਅੱਜ ਹੋਰ ਤੇਜ਼ ਹੋ ਗਿਆ। ਅੱਜ ਯੂਨੀਅਨ ਦੇ ਸੱਦੇ 'ਤੇ ਟਰਾਂਸਪੋਰਟ ਸ਼ਾਪ ਅਤੇ ਸਟੋਰ ਵਿਭਾਗ ਦੇ ਕਰਮਚਾਰੀਆਂ ਨੇ ਇੱਕਜੁੱਟਤਾ ਦਿਖਾਉਂਦੇ ਹੋਏ ਆਪਣੀਆਂ ਮੰਗਾਂ ਨੂੰ ਬੁਲੰਦ ਕੀਤਾ। ਕਰਮਚਾਰੀਆਂ ਨੇ ਭਾਰੀ ਗਿਣਤੀ ਵਿੱਚ ਇਕੱਠੇ ਹੋ ਕੇ ਪ੍ਰਸ਼ਾਸਨ ਦੀਆਂ ਕਰਮਚਾਰੀ ਵਿਰੋਧੀ ਨੀਤੀਆਂ ਖਿਲਾਫ ਆਪਣਾ ਰੋਸ ਪ੍ਰਗਟ ਕੀਤਾ।

ਅੱਜ ਦੀ ਸਭਾ ਵਿੱਚ ਕਰਮਚਾਰੀਆਂ ਨੇ ਵਿਸ਼ੇਸ਼ ਤੌਰ 'ਤੇ ਪੁਰਾਣੀ ਪੈਨਸ਼ਨ ਯੋਜਨਾ (ਓ.ਪੀ.ਐੱਸ.) ਨੂੰ ਮੁੜ ਤੋਂ ਲਾਗੂ ਕਰਨ ਅਤੇ ਨਵੀਂ ਪੈਨਸ਼ਨ ਯੋਜਨਾ (ਐੱਨ.ਪੀ.ਐੱਸ.) ਨੂੰ ਖਤਮ ਕਰਨ ਦੀ ਜ਼ੋਰਦਾਰ ਮੰਗ ਉਠਾਈ। ਟਰਾਂਸਪੋਰਟ ਅਤੇ ਸਟੋਰ ਵਿਭਾਗ ਦੇ ਕਰਮਚਾਰੀਆਂ ਦਾ ਜੋਸ਼ ਅਤੇ ਉਤਸ਼ਾਹ ਵੇਖਣ ਲਾਇਕ ਸੀ, ਜੋ ਆਪਣੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਦ੍ਰਿੜ ਸੰਕਲਪੀ ਦਿਖਾਈ ਦਿੱਤੇ।

ਯੂਨੀਅਨ ਦੇ ਸੀਨੀਅਰ ਅਹੁਦੇਦਾਰ ਜਸਪਾਲ ਸਿੰਘ ਸੇਖੋਂ ਨੇ ਕਰਮਚਾਰੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਦੇ ਸੰਘਰਸ਼ ਨੂੰ ਸਲਾਮ ਕੀਤਾ। ਉਨ੍ਹਾਂ ਕਿਹਾ ਕਿ ਕਰਮਚਾਰੀਆਂ ਦੀ ਏਕਤਾ ਹੀ ਉਹ ਸ਼ਕਤੀ ਹੈ ਜਿਸ ਨਾਲ ਹਰ ਲੜਾਈ ਜਿੱਤੀ ਜਾ ਸਕਦੀ ਹੈ। ਆਈ.ਆਰ.ਟੀ.ਐੱਸ.ਏ. ਦੇ ਅਹੁਦੇਦਾਰ ਬਲਦੇਵ ਰਾਜ ਨੇ ਵੀ ਕਰਮਚਾਰੀਆਂ ਨੂੰ ਉਨ੍ਹਾਂ ਦੇ ਹੱਕਾਂ ਪ੍ਰਤੀ ਜਾਗਰੂਕ ਕੀਤਾ ਅਤੇ ਉਨ੍ਹਾਂ ਨੂੰ ਇੱਕਜੁੱਟ ਹੋ ਕੇ ਯੂਨੀਅਨ ਦੇ ਅੰਦੋਲਨ ਨੂੰ ਸਫਲ ਬਣਾਉਣ ਦਾ ਸੱਦਾ ਦਿੱਤਾ।ਆਰ.ਸੀ.ਐਫ. ਇੰਪਲਾਈਜ਼ ਯੂਨੀਅਨ ਦੇ ਜਨਰਲ ਸਕੱਤਰ ਸਰਬਜੀਤ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਰਮਚਾਰੀਆਂ ਨੂੰ 1 ਮਈ ਨੂੰ ਮਜ਼ਦੂਰ ਦਿਵਸ 'ਤੇ ਦਿੱਲੀ ਵਿੱਚ ਹੋਣ ਵਾਲੇ ਵਿਸ਼ਾਲ ਧਰਨਾ ਪ੍ਰਦਰਸ਼ਨ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਇਹ ਧਰਨਾ ਪੁਰਾਣੀ ਪੈਨਸ਼ਨ ਬਹਾਲੀ ਲਈ ਇੱਕ ਨਿਰਣਾਇਕ ਲੜਾਈ ਸਾਬਤ ਹੋਵੇਗਾ ਅਤੇ ਕਰਮਚਾਰੀਆਂ ਨੂੰ ਆਪਣੀ ਆਵਾਜ਼ ਬੁਲੰਦ ਕਰਨ ਦਾ ਇਹ ਸੁਨਹਿਰੀ ਮੌਕਾ ਨਹੀਂ ਗੁਆਉਣਾ ਚਾਹੀਦਾ। ਸਿੰਘ ਨੇ ਜ਼ੋਰ ਦੇ ਕੇ ਕਿਹਾ ਕਿ ਯੂਨੀਅਨ ਕਰਮਚਾਰੀਆਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ ਅਤੇ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਲਈ ਹਰ ਸੰਭਵ ਯਤਨ ਕਰੇਗੀ।



ਇਸ ਤੋਂ ਇਲਾਵਾ, ਅੱਜ ਦੇ ਜਨ ਜਾਗਰਣ ਅਭਿਆਨ ਵਿੱਚ ਕਰਮਚਾਰੀਆਂ ਨੇ ਹੇਠ ਲਿਖੇ ਮਹੱਤਵਪੂਰਨ ਮੁੱਦਿਆਂ 'ਤੇ ਵੀ ਆਪਣੀ ਆਵਾਜ਼ ਉਠਾਈ: 3000 ਕੋਚ ਉਤਪਾਦਨ ਦੇ ਨਾਂ 'ਤੇ ਆਊਟਸੋਰਸਿੰਗ ਨੂੰ ਉਤਸ਼ਾਹਿਤ ਕਰਨ ਦੀ ਡੂੰਘੀ ਸਾਜ਼ਿਸ਼ ਨੂੰ ਵਿਫਲ ਕਰਨਾ, ਕੋਚ ਉਤਪਾਦਨ ਲਈ ਲੋੜੀਂਦੀ ਸਮੱਗਰੀ ਦੀ ਨਿਰਵਿਘਨ ਉਪਲਬਧਤਾ ਯਕੀਨੀ ਬਣਾਉਣਾ, ਤੁਰੰਤ ਪ੍ਰਭਾਵ ਨਾਲ ਖਾਲੀ 1547 ਅਸਾਮੀਆਂ 'ਤੇ ਨਵੀਂਆਂ ਭਰਤੀਆਂ ਕਰਨਾ ਅਤੇ ਐਕਟ ਅਪ੍ਰੈਂਟਿਸ ਪਾਸ ਨੌਜਵਾਨਾਂ ਨੂੰ ਤਰਜੀਹ ਦੇਣਾ, ਪ੍ਰਸ਼ਾਸਨਿਕ ਭਵਨ ਵਿੱਚ ਕਰਮਚਾਰੀਆਂ ਲਈ 5-ਦਿਨਾ ਕਾਰਜ ਹਫ਼ਤਾ ਲਾਗੂ ਕਰਨਾ, ਲੈਵਲ-1, ਸਿਵਲ ਇੰਜੀਨੀਅਰਿੰਗ ਅਤੇ ਸਿਵਲ ਇਲੈਕਟ੍ਰੀਕਲ ਦੇ ਸਾਰੇ ਕਰਮਚਾਰੀਆਂ ਨੂੰ ਵਰਕਸ਼ਾਪ ਵਿੱਚ ਵਾਪਸ ਭੇਜਣਾ, ਕਰਮਚਾਰੀਆਂ ਨੂੰ ਘਟੀਆ ਕੁਆਲਿਟੀ ਵਾਲੇ ਪੀ.ਪੀ.ਈ. ਦੀ ਸਪਲਾਈ ਬੰਦ ਕਰਨਾ ਅਤੇ ਐੱਸ.ਪੀ.ਸੀ. ਦੇ ਮਾਧਿਅਮ ਨਾਲ ਬਿਹਤਰ ਕੁਆਲਿਟੀ ਵਾਲੇ ਪੀ.ਪੀ.ਈ. ਯਕੀਨੀ ਬਣਾਉਣਾ।

ਯੂਨੀਅਨ ਨੇ ਇਹ ਵੀ ਘੋਸ਼ਣਾ ਕੀਤੀ ਕਿ 1 ਮਈ ਨੂੰ ਮਜ਼ਦੂਰ ਦਿਵਸ ਦੇ ਮੌਕੇ 'ਤੇ ਰਾਸ਼ਟਰੀ ਝੰਡਾ ਲਹਿਰਾਉਣ ਦਾ ਪ੍ਰੋਗਰਾਮ 30 ਅਪ੍ਰੈਲ ਨੂੰ ਸਵੇਰੇ 8:00 ਵਜੇ ਡਾਕਟਰ ਬੀ.ਆਰ. ਅੰਬੇਡਕਰ ਚੌਕ 'ਤੇ ਆਯੋਜਿਤ ਕੀਤਾ ਜਾਵੇਗਾ।

ਆਰ.ਸੀ.ਐਫ. ਇੰਪਲਾਈਜ਼ ਯੂਨੀਅਨ ਨੇ ਇੱਕ ਵਾਰ ਫਿਰ ਸਪੱਸ਼ਟ ਕੀਤਾ ਹੈ ਕਿ ਜੇਕਰ 29 ਅਪ੍ਰੈਲ ਤੱਕ ਉਨ੍ਹਾਂ ਦੀਆਂ ਮੰਗਾਂ 'ਤੇ ਪ੍ਰਸ਼ਾਸਨ ਦੁਆਰਾ ਕੋਈ ਸਕਾਰਾਤਮਕ ਕਦਮ ਨਹੀਂ ਉਠਾਇਆ ਜਾਂਦਾ ਹੈ, ਤਾਂ ਯੂਨੀਅਨ ਅੰਦੋਲਨ ਨੂੰ ਹੋਰ ਤੇਜ਼ ਕਰਨ ਲਈ ਮਜਬੂਰ ਹੋਵੇਗੀ।ਅੱਜ ਦੇ ਜਨ ਜਾਗਰਣ ਅਭਿਆਨ ਵਿੱਚ ਜਸਪਾਲ ਸਿੰਘ ਸੇਖੋਂ, ਬਲਦੇਵ ਰਾਜ ਅਤੇ ਸਰਬਜੀਤ ਸਿੰਘ ਦੇ ਨਾਲ-ਨਾਲ ਟਰਾਂਸਪੋਰਟ ਅਤੇ ਸਟੋਰ ਵਿਭਾਗ ਦੇ ਵੱਡੀ ਗਿਣਤੀ ਵਿੱਚ ਕਰਮਚਾਰੀ ਹਾਜ਼ਰ ਸਨ, ਜਿਨ੍ਹਾਂ ਨੇ ਆਪਣੀਆਂ ਮੰਗਾਂ ਪ੍ਰਤੀ ਦ੍ਰਿੜ ਸੰਕਲਪ ਦਿਖਾਇਆ।

# ਪਹਿਲਗਾਮ ਦੇ ਹਮਲੇ ਦੇ ਮਿਰਤਕਾਂ ਨੂੰ ਕੈਂਡਲ ਮਾਰਚ ਕੱਢ ਕੇ ਦਿਤੀ ਸ਼ਰਧਾਂਜਲੀ

## ਸਰਕਾਰ ਨੂੰ ਸਖ਼ਤ ਕਾਰਵਾਈ ਦੀ ਅਪੀਲ

**ਮਹਿਤਪੁਰ (ਹਰਜਿੰਦਰ ਸਿੰਘ ਚੰਦੀ)–** ਭਾਰਤ ਦੇਸ਼ ਦੀ ਜਨਤ ਵੱਜੋ ਜਾਣੇ ਜਾਂਦੇ ਜੰਮੂ ਕਸ਼ਮੀਰ ਵਾਦੀ ਦੇ ਪਹਿਲਗਾਮ ਦੀ ਜਨਤ ਵਿਚ ਉਸ ਸਮੇਂ ਮਾਤਮ ਛਾ ਗਿਆ ਜਦੋਂ ਦਹਿਸ਼ਤਗਰਦਾਂ ਵੱਲੋਂ ਅੰਧਾਧੁੰਦ ਫਾਈਰਿੰਗ ਕਰਕੇ ਮਨੁੱਖਤਾ ਦਾ ਵਹਿਸ਼ੀਆਂ ਨਾ ਕਰੂਰਤਾ ਨਾਲ ਕਤਲ ਕਰਕੇ ਹਸਦੇ ਖੇਡਦੇ 28 ਦੇ ਕਰੀਬ ਸਹਿਲਾਨੀਆ ਨੂੰ ਅਚਨਚੇਤ ਮੌਤ ਦੇ ਘਾਟ ਉਤਾਰ ਦਿੱਤਾ। ਇਸ ਘਟਨਾ ਦੇ ਪ੍ਰਤੀਕਰਮ ਵੱਜੋਂ ਮਹਿਤਪੁਰ ਨਿਵਾਸੀਆਂ ਵੱਲੋਂ ਮੋਮਬੱਤੀਆਂ ਜਗਾ ਕੇ ਪਹਿਲਗਾਮ ਦੇ ਮਿਰਤਕਾਂ ਨੂੰ ਮਨੁਖਤਾ ਪ੍ਰਤੀ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਕੈਂਡਲ ਮਾਰਚ ਕੱਢ ਕੇ ਸ਼ਰਧਾਂਜਲੀ ਦਿੱਤੀ ਗਈ। ਇਸ ਮੌਕੇ ਸ਼ਹਿਰ ਦੇ ਪਤਵੰਤਿਆਂ ਵੱਲੋਂ ਜਿੱਥੇ ਇਸ ਨਾ ਭੁੱਲਣਯੋਗ ਘਟਨਾ ਦੀ ਜੰਮ ਕੇ ਨਿੰਦਿਆ ਕੀਤੀ ਉਥੇ ਕਤਲੇਆਮ ਵਿਚ ਮਾਰੇ ਗਏ ਮਾਸੂਮ ਨਿਰਦੋਸ਼ਾਂ ਲਈ ਅਫਸੋਸ ਦਾ ਪ੍ਰਗਟਾਵਾ ਕਰਦਿਆਂ ਭਾਰਤ ਸਰਕਾਰ ਪਾਸੋਂ ਮਨੁਖਤਾ ਦੇ ਕਾਤਲਾਂ ਲਈ ਸਖ਼ਤ ਤੋਂ ਸਖ਼ਤ ਸਜ਼ਾ ਦੇਣ ਦੀ ਮੰਗ ਕਰਦਿਆਂ ਦੇਸ਼ ਹਿਤ ਜ਼ਿੰਦਾਬਾਦ ਦੇ ਨਾਹਰੇ ਲਗਾਏ ਅਤੇ ਮਨੁਖਤਾ ਦੇ ਕਾਤਲਾਂ ਲਈ ਮੁਰਦਾਬਾਦ ਦੇ ਨਾਅਰੇ ਵੀ ਲਗਾਏ। ਕੈਂਡਲ ਮਾਰਚ ਦੌਰਾਨ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਆਪਸੀ ਭਾਈਚਾਰੇ ਨੂੰ ਮਜ਼ਬੂਤ ਰੱਖਣ ਲਈ ਆਗੂਆਂ ਵੱਲੋਂ ਅਪੀਲ ਵੀ ਕੀਤੀ ਗਈ। ਇਹ ਕੈਂਡਲ ਮਾਰਚ ਦਾਣਾ ਮੰਡੀ ਮਹਿਤਪੁਰ ਤੋਂ ਸ਼ਹਿਰ ਬਜ਼ਾਰ ਵਿੱਚ ਦੀ ਹੁੰਦਾ ਹੋਇਆ ਨਕੋਦਰ ਰੋਡ ਡਾਕਟਰ ਭੀਮ ਰਾਓ ਅੰਬੇਦਕਰ ਚੌਕ ਵਿਖੇ ਸਮਾਪਤ ਹੋਇਆ। ਇਸ ਮੌਕੇ ਰਮੇਸ਼ ਵਰਮਾ ਸਾਬਕਾ ਪ੍ਰਧਾਨ ਨਗਰ ਪੰਚਾਇਤ,ਬੱਲੀ ਥਿੰਦ, ਮਹਿੰਦਰਪਾਲ ਸਿੰਘ ਟੂਰਨਾ,ਜਥੇਦਾਰ ਬਲਜਿੰਦਰ ਸਿੰਘ ਕੰਗ, ਰਕੇਸ਼ ਮਹਿਤਾ, ਸੁਨੀਲ ਅਨੇਜਾ,ਕੰਵਰ ਗਰੇਵਾਲ, ਰੂਪਰਾਏ, ਅਜੇ ਸੂਦ, ਕੈਪਟਨ ਰਾਜਵਿੰਦਰ ਸ਼ਰਮਾ, ਆਦਿ ਹਾਜ਼ਰ ਸਨ।



# ਜਿੱਤ ਦਾ ਮੰਤਰ ਪੜ੍ਹਾਉਣ ਲਈ ਬਾਦਲ ਅੱਜ ਲੁਧਿਆਣਾ ਆਉਣਗੇ–ਐਡਵੋਕੇਟ ਘੁੰਮਣ

## 'ਤਾਏ ਦੀ ਧੀ ਚੱਲੀ, ਮੈਂ ਕਿਉਂ ਰਹਿਜਾਂ ਕੱਲੀ' ਸ਼੍ਰੋਮਣੀ ਅਕਾਲੀ ਦਲ ਵੱਲੋਂ ਵਰਕਰ ਮੀਟਿੰਗ ਅੱਜ

**ਲੁਧਿਆਣਾ ( ਕਰਨੈਲ ਸਿੰਘ ਐੱਮ.ਏ.)** ਵਿਧਾਨ ਸਭਾ ਹਲਕਾ ਪੱਛਮੀ ਦੀ ਉੱਪ ਚੋਣ ਲਈ ਬੇਸ਼ੱਕ ਅਜੇ ਤੱਕ ਤਾਰੀਖ ਦਾ ਐਲਾਨ ਤੱਕ ਨਹੀਂ ਹੋਇਆ ਪਰ ਇਸ ਉੱਪ ਚੋਣ ਲਈ ਰਾਜਸੀ ਪਾਰਟੀਆਂ ਵੱਲੋਂ ਆਪਣੇ ਉਮੀਦਵਾਰਾਂ ਦੇ ਨਾਮਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਆਮ ਆਦਮੀ ਪਾਰਟੀ ਵੱਲੋਂ ਜਿੱਥੇ ਰਾਜ ਸਭਾ ਮੈਂਬਰ ਅਰੋੜਾ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਗਿਆ ਹੈ ਉੱਥੇ ਕਾਂਗਰਸ ਪਾਰਟੀ ਵੱਲੋਂ ਵੀ ਸਾਬਕਾ ਕੈਬਨਿਟ ਮੰਤਰੀ ਪੰਜਾਬ ਸਰਕਾਰ ਭਾਰਤ ਭੂਸ਼ਨ ਆਸ਼ੂ ਨੂੰ ਉਮੀਦਵਾਰ ਐਲਾਨਿਆ ਜਾ ਚੁੱਕਾ ਹੈ। ਅਜੇ ਜੇਕਰ ਉਡੀਕ ਹੈ ਤਾਂ ਉਹ ਭਾਜਪਾ ਵੱਲੋਂ ਐਲਾਨੇ ਜਾਣ ਵਾਲੇ ਉਮੀਦਵਾਰ ਦੀ ਹੈ। ਪਿਛਲੇ ਕੁੱਝ ਦਿਨਾਂ ਤੋਂ 'ਆਪ' ਦੀ ਸੀਨੀਅਰ ਲੀਡਰਸ਼ਿਪ ਆਪਣੇ ਉਮੀਦਵਾਰ ਦੇ ਹੱਕ ਵਿੱਚ ਕਈ ਸਮਾਗਮ ਕਰ ਚੁੱਕੀ ਹੈ ਤੇ ਕਾਂਗਰਸ ਪਾਰਟੀ ਵੀ ਆਪਣੀ ਜ਼ੋਰ ਅਸਮਾਇਸ ਤੋਂ ਪਿੱਛੇ ਨਹੀਂ ਹਟ ਰਹੀ। ਬੀਤੇ ਕੱਲ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਦੂਜੀ ਬਰਸੀ ਸਮਾਗਮ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਵੀ 'ਤਾਏ ਦੀ ਧੀ ਚੱਲੀ, ਮੈਂ ਕਿਉਂ ਰਹਿਜਾਂ ਕੱਲੀ' ਦੀ ਗੱਲ ਨੂੰ ਪੂਰਾ ਕਰਨ ਵਾਲੀ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੀ ਵਿਧਾਨ ਸਭਾ ਹਲਕਾ ਪੱਛਮੀ ਤੋਂ ਪਾਰਟੀ ਵੱਲੋਂ ਐਲਾਨੇ ਉਮੀਦਵਾਰ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਦੀ ਪਿੱਠ ਥਾਪੜਨ ਅਤੇ ਵਰਕਰਾਂ ਨੂੰ ਲਾਮਬੰਦ ਕਰਨ ਲਈ ਲੁਧਿਆਣਾ ਪੁੱਜ ਰਹੇ ਹਨ। ਇਸ ਬਾਰੇ ਜਦ ਐਡਵੋਕੇਟ ਘੁੰਮਣ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਸੁਖਬੀਰ ਸਿੰਘ ਬਾਦਲ ਪਾਰਟੀ ਦੇ ਸੀਨੀਅਰ ਆਗੂਆਂ ਅਤੇ ਵਰਕਰਾਂ ਨਾਲ ਸਵੇਰੇ 11 ਵਜੇ ਉਨ੍ਹਾਂ ਦੇ ਗ੍ਰਹਿ ਪੰਚਸ਼ੀਲ ਵਿਹਾਰ, ਫਿਰੋਜਪੁਰ ਰੋਡ ਵਿਖੇ ਮੁਲਾਕਾਤ ਕਰਨਗੇ । ਉਨ੍ਹਾਂ ਇਹ ਵੀ ਦੱਸਿਆ ਕਿ ਸੁਖਬੀਰ ਸਿੰਘ ਬਾਦਲ ਇੱਥੇ 2 ਦਿਨ ਰਹਿਣਗੇ ।



ਸੁਖਬੀਰ ਸਿੰਘ ਬਾਦਲ, ਐਡਵੋਕੇਟ ਪ੍ਰਉਪਕਾਰ ਸਿੰਘ ਘੁੰਮਣ।

# ਸੁਰਜੀਤ ਹਾਕੀ ਸੁਸਾਇਟੀ ਵਲੋਂ ਇੰਡੀਅਨ ਆਇਲ ਹੈੱਡ ਪ੍ਰਦੀਪ ਸਚਦੇਵ ਦਾ ਸਨਮਾਨ

## ਸੁਰਜੀਤ ਹਾਕੀ ਟੂਰਨਾਮੈਂਟ 'ਚ ਵੱਧ ਚੜ੍ਹ ਕੇ ਸਹਿਯੋਗ ਕਰਾਂਗੇ-ਪ੍ਰਦੀਪ ਸਚਦੇਵ

**ਜਲੰਧਰ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਇੰਡੀਅਨ ਆਇਲ ਦੇ ਨਵ ਨਿਯੁਕਤ ਡਵੀਜ਼ਨਲ ਰਿਟੇਲ ਸੇਲਜ਼ ਹੈੱਡ ਪ੍ਰਦੀਪ ਕੇ ਸਚਦੇਵ ਦਾ ਸੁਰਜੀਤ ਹਾਕੀ ਸੁਸਾਇਟੀ ਦੇ ਮੈਂਬਰਾਂ ਵੱਲੋਂ ਫੁੱਲਾਂ ਦਾ ਗੁਲਦਸਤਾ ਭੇਂਟ ਕਰਕੇ ਸਵਾਗਤ ਕੀਤਾ ਗਿਆ। ਇਸ ਮੌਕੇ ਐਲ. ਆਰ. ਨਈਅਰ, ਸੁਰਿੰਦਰ ਸਿੰਘ ਭਾਪਾ, ਰਣਬੀਰ ਸਿੰਘ ਟੁੱਟ ਅਤੇ ਪ੍ਰਿਤਪਾਲ ਸਿੰਘ ਢਿੱਲੋਂ ਨੇ ਕਿਹਾ ਕਿ ਪ੍ਰਦੀਪ ਸਚਦੇਵ ਜੋ ਕਿ ਉਦੈਪੁਰ (ਰਾਜਸਥਾਨ) ਤੋਂ ਇੱਥੇ ਆਏ ਹਨ ਖੇਡਾਂ ਅਤੇ ਖਾਸ ਕਰਕੇ ਹਾਕੀ ਨੂੰ ਬਹੁਤ ਪਸੰਦ ਕਰਦੇ ਹਨ। ਉਨ੍ਹਾਂ ਕਿਹਾ ਕਿ ਅਸੀਂ ਆਸ ਕਰਦੇ ਹਾਂ ਕਿ ਉਹ ਸੁਰਜੀਤ ਹਾਕੀ ਟੂਰਨਾਮੈਂਟ ਲਈ ਵੱਧ ਚੜ੍ਹ ਕੇ ਸਹਿਯੋਗ ਕਰਨਗੇ। ਇਸ ਮੌਕੇ ਸ੍ਰੀ ਸਚਦੇਵਾ ਨੇ ਕਿਹਾ ਕਿ ਇੰਡੀਅਨ ਆਇਲ ਜੋ ਕਿ ਸੁਰਜੀਤ ਹਾਕੀ ਟੂਰਨਾਮੈਂਟ





ਦੀ ਮੁੱਖ ਸਪਾਂਸਰ ਹੈ ਇਸ ਵਾਰ ਟੂਰਨਾਮੈਂਟ ਵਿਚ ਪਹਿਲਾਂ ਤੋਂ ਵੀ ਵੱਧ ਚੜ੍ਹ ਕੇ ਆਪਣਾ ਸਹਿਯੋਗ ਦੇਵੇਗੀ। ਉਨ੍ਹਾਂ ਕਿਹਾ ਕਿ ਉਹ ਹਾਕੀ ਨੂੰ ਬਹੁਤ ਪਸੰਦ ਕਰਦੇ ਹਨ ਤੇ ਸੁਰਜੀਤ ਹਾਕੀ ਟੂਰਨਾਮੈਂਟ ਦੇ ਖਿਡਾਰੀਆਂ ਲਈ ਕੁਝ ਵਧੀਆ ਕਰਨ ਦਾ ਯਤਨ ਕਰਨਗੇ। ਇਸ ਮੌਕੇ ਸੁਰਜੀਤ ਹਾਕੀ ਸੁਸਾਇਟੀ ਵੱਲੋਂ ਐਲ.ਆਰ. ਨਈਅਰ, ਸੁਰਿੰਦਰ ਸਿੰਘ ਭਾਪਾ, ਰਣਬੀਰ ਸਿੰਘ ਟੁੱਟ ਅਤੇ ਪ੍ਰਿਤਪਾਲ ਸਿੰਘ ਢਿੱਲੋਂ ਵੱਲੋਂ ਪ੍ਰਦੀਪ ਸਚਦੇਵ ਨੂੰ ਉਲੰਪੀਅਨ ਹਾਕੀ ਖਿਡਾਰੀਆਂ ਦੇ ਦਸਤਖ਼ਤ ਕੀਤੀ ਯਾਦਗਾਰੀ ਹਾਕੀ ਸਟੀਕ ਵੀ ਭੇਂਟ ਕੀਤੀ ਗਈ।

# ਪਿੰਡ ਭਾਰਸਿੰਘਪੁਰਾ ਤੇ ਸੁਲਤਾਨਪੁਰ ਵਿਖੇ ਅੱਗ ਲੱਗਣ ਕਾਰਣ ਕਣਕ ਦੇ 25 ਖੇਤ ਸੜਕੇ ਹੋਏ ਸੁਆਹ

**● 50 ਖੇਤਾਂ ਦਾ ਨਾੜ ਵੀ ਸੜਿਆ*ਦੋਵਾਂ ਪਿੰਡਾਂ ਦੇ ਵਾਸੀਆਂ ਦੇ ਇਲਾਕਾ ਵਾਸੀਆਂ ਦੇ ਸਹਿਯੋਗ ਨਾਲ ਅੱਗ 'ਤੇ ਪਾਇਆ ਕਾਬੂ● ਦੋ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਪਹੁੰਚਣ ਤੱਕ ਅੱਗ 'ਤੇ ਪਾ ਲਿਆ ਗਿਆ ਸੀ ਲਗਭਗ ਕਾਬੂ**

**ਫਿਲੌਰ/ਅੱਪਰਾ (ਦੀਪਾ)**-ਅੱਜ ਦੁਪਿਹਰ ਲਗਭਗ ਦੋ ਵਜੇ ਕਰੀਬੀ ਪਿੰਡ ਭਾਰਸਿੰਘਪੁਰਾ ਵਿਖੇ ਕਣਕ ਦੀ ਫ਼ਸਲ ਨੂੰ ਅੱਗ ਲੱਗਣ ਕਾਰਣ ਲਗਭਗ 25 ਖੇਤ ਖੜੀ ਹੋਈ ਕਣਕ ਤੇ 50 ਖੇਤਾਂ ਦਾ ਨਾੜ ਸੜਕੇ ਰਾਖ ਹੋ ਗਏ । ਦੋਵਾਂ ਪਿੰਡਾਂ ਦੇ ਵਾਸੀਆਂ ਨੇ ਇਲਾਕਾ ਵਾਸੀਆਂ ਦੇ ਸਹਿਯੋਗ ਨਾਲ ਲਗਭਗ 2 ਘੰਟਿਆਂ ਦੀ ਮੁਸ਼ੱਕਤ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ । ਘਟਨਾ ਸੰਬੰਧੀ ਜਾਣਕਾਰੀ ਦਿੰਦਿਆਂ ਕਿਸਾਨ ਸੰਦੀਪ ਸਿੰਘ ਪੁੱਤਰ ਦਿਲਬਾਗ ਸਿੰਘ ਤੇ ਸਤਿੰਦਰ ਸਿੰਘ ਪੁੱਤਰ ਅਜੀਤ ਸਿੰਘ ਦੋਵੇਂ ਵਾਸੀ ਪਿੰਡ ਭਾਰਸਿੰਘਪੁਰਾ ਨੇ ਦੱਸਿਆ ਕਿ ਅੱਜ ਕੰਬਾਈਨ ਦੁਆਰਾ ਕਣਕ ਦੀ ਫਸਲ ਦੀ ਕਟਾਈ ਕੀਤੀ ਜਾ ਰਹੀ ਸੀ । ਇਸ ਦੌਰਾਨ ਕੰਬਾਈਨ ਦਾ ਡਰਾਇਵਰ ਜਦੋਂ ਕੰਬਾਈਨ ਨੂੰ ਪਿੱਛੇ ਮੋੜ ਰਿਹਾ ਸੀ ਤਾਂ ਕੰਬਾਈਨ ਬਿਜਲੀ ਦੇ ਖੰਬੇ ਨਾਲ ਟਕਰਾ ਗਈ । ਜਿਸ ਕਾਰਣ ਬਿਜਲੀ ਦੀਆਂ ਤਾਰਾਂ 'ਚ ਨਿਕਲੀ ਚਿੰਗਾਰੀ ਦੇ ਕਾਰਣ ਅੱਗ ਦੇਖਦੇ ਹੀ ਦੇਖਦੇ ਵਿਕਰਾਲ ਰੂਪ ਧਾਰਨ ਕਰ ਗਈ ਤੇ ਕਈ ਖੇਤਾਂ ਨੂੰ ਆਪਣੀ ਚਪੇਟ 'ਚ ਲੈ ਲਿਆ । ਅੱਗ ਲੱਗਣ ਕਾਰਣ ਕਿਸਾਨ ਸਿੰਘ ਦੇ 8 ਖੇਤ ਤੇ ਕਿਸਾਨ ਸਤਿੰਦਰ ਸਿੰਘ ਦੇ 7 ਖੇਤ ਪੱਕੀ ਹੋਈ ਕਣਕ ਦੀ ਫ਼ਸਲ ਦੇ ਸੜਕੇ ਸੁਆਹ ਹੋ ਗਏ । ਅੱਜ ਦੁਪਿਹਰ ਤੋਂ ਚੱਲ ਰਹੀ ਹਵਾ ਨੇ ਬਲਦੀ 'ਤੇ ਤੇਲ ਪਾਉਣ ਦਾ ਕੰਮ ਕੀਤਾ ਤੇ ਦੇਖਦੇ ਹੀ ਦੇਖਦੇ ਅੱਗ ਨਾਲ ਦੇ ਪਿੰਡ ਸੁਲਤਾਨਪੁਰ ਜਾ ਪਹੁੰਚੀ । ਇੱਥੇ ਵੀ ਅੱਗੇ ਦੇ ਕਾਰਣ ਕਿਸਾਨ ਰਛਪਾਲ ਸਿੰਘ ਦੇ ਦੋ ਖੇਤ, ਕਿਸਾਨ ਬਿੰਦਰ ਦੇ ਦੋ ਖੇਤ ਕਿਸਾਨ ਜਗਤਾਰ ਸਿੰਘ ਦੇ ਤਿੰਨ ਖੇਤ ਤੇ ਦੋ





ਹੋ ਕਿਸਾਨਾਂ ਦੀ ਕਣਕ ਦੇ ਖੇਤ ਅੱਗ ਦੀ ਭੇਟ ਚੜ ਗਏ । ਕਿਸਾਨ ਵੀਰਾਂ ਨੇ ਦੱਸਿਆ ਕਿ ਅੱਗ ਲੱਗਣ ਦੇ ਕਾਰਣ ਕਈ ਕਿਸਾਨਾਂ ਦਾ ਲਗਭਗ 50 ਖੇਤਾਂ ਦਾ ਨਾੜ ਵੀ ਸੜ ਗਿਆ । ਅੱਗ ਲੱਗਣ ਦੀ ਸੂਚਨਾ ਮਿਲਦਿਆਂ ਹੀ ਦੋਵਾਂ ਪਿੰਡਾਂ ਤੋਂ ਇਲਾਵਾ ਇਲਾਕਾ ਵਾਸੀਆਂ ਨੇ ਇਕੱਤਰ ਹੋ ਕੇ ਟਰੈਕਟਰਾਂ ਦੇ ਨਾਲ ਕਣਕ ਦੀ ਪੱਕੀ ਹੋਈ ਫਸਲ ਨੂੰ ਅੱਗੇ ਤੋਂ ਵਾਹ ਕੇ ਲਗਭਗ 2 ਘੰਟਿਆਂ ਦੀ ਮੁਸ਼ੱਕਤ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ । ਇਕੱਤਰ ਲੋਕਾਂ ਨੇ ਦੱਸਿਆ ਕਿ ਜੇਕਰ ਸਮੇਂ ਸਿਰ ਅੱਗ 'ਤੇ ਕਾਬੂ ਨਾ ਪਾਇਆ ਹੁੰਦਾ ਤਾਂ ਅੱਗ ਨੇੜਲੇ ਪਿੰਡ ਰਾਏਪੁਰ ਅਰਾਈਆਂ ਪਹੁੰਚ ਜਾਣੀ ਸੀ ਤੇ ਹੋਰ ਵੱਡਾ ਮਾਲੀ ਨੁਕਸਾਨ ਹੋਣਾ ਸੀ । ਕਿਸਾਨ ਬਿੰਦਰ ਸਿੰਘ ਤੇ ਸਤਿੰਦਰ ਸਿੰਘ ਨੇ ਦੱਸਿਆ ਕਿ ਜਦੋਂ ਤੱਕ ਫਗਵਾੜਾ ਤੋਂ ਦੋ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਮੌਕੇ 'ਤੇ ਪਹੁੰਚੀਆਂ ਤਾਂ ਅੱਗ 'ਤੇ ਲਗਭਗ ਕਾਬੂ ਪਾ ਲਿਆ ਗਿਆ ਸੀ । ਘਟਨਾ ਦੀ ਸੂਚਨਾ ਮਿਲਦਿਆਂ ਹੀ ਪੁਲਿਸ ਚੌਂਕੀ ਲਸਾੜਾ ਤੇ ਅੱਪਰਾ ਤੋਂ ਪੁਲਿਸ ਮੁਲਾਜ਼ਮ ਵੀ ਮੌਕੇ 'ਤੇ ਪਹੁੰਚ ਗਏ ।

ਪੀੜਿਤ ਕਿਸਾਨ ਵੀਰਾਂ ਨੇ ਸਰਕਾਰ ਪਾਸੋਂ ਕੀਤੀ ਮੁਆਵਜ਼ੇ ਦੀ ਮੰਗ-

ਇਸ ਮੌਕੇ ਪੀੜਿਤ ਕਿਸਾਨ ਬਿੰਦਰ ਸਿੰਘ, ਸਤਿੰਦਰ ਸਿੰਘ ਤੇ ਪਿੰਡ ਸੁਲਤਾਨਪੁਰ ਦੇ ਕਿਸਾਨਾਂ ਨੇ ਕਿਹਾ ਕਿ ਵਧੀ ਹੋਈ ਮਹਿੰਗਾਈ ਦੇ ਕਾਰਣ ਉਹ ਤਾਂ ਪਹਿਲਾਂ ਹੀ ਕਰਜੇ ਦੀ ਮਾਰ ਹੇਠ ਹਨ ਤੇ ਆਰਥਿਕ ਬੋਝ ਝੱਲ ਰਹੇ ਹਨ । ਇਸ ਲਈ ਉਨਾਂ ਸਰਕਾਰ ਨੂੰ ਅਪੀਲ ਕੀਤੀ ਕਿ ਉਨਾਂ ਨੂੰ ਯੋਗ ਮੁਆਵਜ਼ਾ ਦੇ ਕੇ ਉਨਾਂ ਦੀ ਆਰਥਿਕ ਸਹਾਇਤਾ ਕੀਤੀ ਜਾਵੇ ।

# ਯੁੱਧ ਨਸ਼ਿਆਂ ਵਿਰੁੱਧ ਲੜਦੀ ਪੁਲੀਸ ਤੇ ਸਰਕਾਰ ਨਸ਼ਿਆਂ ਦੇ ਨਾਲ ਹੋਣ ਮੌਤਾਂ ਮੱਚੀ ਹਾਹਾਕਾਰ

**ਬਲਬੀਰ ਸਿੰਘ ਬੱਬੀ**

ਕੋਈ ਦੋ ਕੁ ਮਹੀਨੇ ਹੋ ਗਏ ਹਨ ਜਦੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਸਰਕਾਰ ਵੱਲੋਂ ਪੰਜਾਬ ਪੁਲਿਸ ਦੇ ਵੱਡੇ ਅਫਸਰਾਂ ਦੇ ਨਾਲ ਮੀਟਿੰਗਾਂ ਆਦਿ ਕੀਤੀਆਂ। ਪੰਜਾਬ ਵਿੱਚ ਫੈਲੇ ਨਸ਼ੇ ਦੇ ਕੋਹੜ ਨੂੰ ਖ਼ਤਮ ਕਰਨ ਦਾ ਅਹਿਦ ਕੀਤਾ ਤੇ ਯੁੱਧ ਨਸ਼ੇ ਵਿਰੁੱਧ ਵਿਸ਼ੇਸ਼ ਮੁਹਿੰਮ ਚਲਾਈ ਇਸ ਮੁਹਿੰਮ ਦੇ ਤਹਿਤ ਸਮੁੱਚੇ ਪੰਜਾਬ ਦੇ ਵਿੱਚੋਂ ਅਨੇਕਾਂ ਨਸ਼ਾ ਤਸਕਰ ਕਾਬੂ ਕੀਤੇ ਗਏ ਕਈਆਂ ਦੇ ਘਰ ਵੀ ਡਾਹੇ ਗਏ ਤੇ ਹੋਰ ਕਾਫ਼ੀ ਹਲਚਲ ਪੁਲਿਸ ਵਿਭਾਗ ਵੱਲੋਂ ਹੋਈ ਜਿਸ ਦੀ ਸਮੁੱਚੇ ਪੰਜਾਬ ਵਾਸੀਆਂ ਨੇ ਸਰਾਹਨਾ ਵੀ ਕੀਤੀ। ਪੰਜਾਬ ਦੇ ਮੁੱਖ ਮੰਤਰੀ ਤੇ ਪੰਜਾਬ ਪੁਲਿਸ ਦੇ ਡੀ ਜੀ ਪੀ ਵੱਲੋਂ ਜਦੋਂ ਯੁੱਧ ਨਸ਼ਿਆਂ ਵਿਰੁੱਧ ਸ਼ੁਰੂ ਕੀਤਾ ਗਿਆ ਸੀ ਤਾਂ ਇਹ ਗੱਲ ਜੋਰ ਦੇ ਕੇ ਕਹੀ ਸੀ ਕਿ ਤਿੰਨ ਮਹੀਨਿਆਂ ਦੇ ਵਿੱਚ ਸਮੁੱਚੇ ਪੰਜਾਬ ਨੂੰ ਨਸ਼ਾ ਮੁਕਤ ਕਰਕੇ ਹਟਾਂਗੇ ਦੋ ਮਹੀਨੇ ਇਸ ਨਸ਼ੇ ਵਿਰੁੱਧ ਯੁੱਧ ਚੱਲੇ ਨੂੰ ਹੋ ਗਏ ਹਨ। ਠੀਕ ਹੈ, ਪੰਜਾਬ ਵਿੱਚੋਂ ਨਸ਼ੇ ਵਾਲਿਆਂ ਖ਼ਿਲਾਫ਼ ਮੁਹਿੰਮ ਵਿੱਢੀ ਹੈ ਪਰ ਆਮ ਲੋਕਾਂ ਦਾ ਵੀ ਸਵਾਲ ਹੈ ਕਿ



ਨਸ਼ਿਆਂ ਦੇ ਮਾਮਲੇ ਵਿੱਚ ਜੋ ਵੱਡੇ ਮਗਰ ਮੱਛ ਹਨ ਉਹ ਕਾਬੂ ਨਹੀਂ ਕੀਤੇ ਜਾ ਰਹੇ ਛੋਟੇ ਮੋਟੇ ਜਰੂਰ ਫੜੇ ਜਾ ਰਹੇ ਹਨ।

ਇਸ ਦਰਮਿਆਨ ਹੀ ਬਠਿੰਡਾ ਜਿਲੇ ਦੇ ਵਿੱਚੋਂ ਪੰਜਾਬ ਪੁਲਿਸ ਦੀ ਇੱਕ ਸਿਪਾਹੀ ਔਰਤ ਕੋਲੋਂ ਨਸ਼ੇ ਦੀ ਬਰਾਮਦਗੀ ਹੋਈ ਇਸ ਤੋਂ ਇਲਾਵਾ ਕਈ ਥਾਵਾਂ ਉੱਤੇ ਪੁਲਿਸ ਮੁਲਾਜ਼ਮਾਂ ਦਾ ਨਸ਼ੇ ਵਿੱਚ ਹੱਥ ਸਾਹਮਣੇ ਆਇਆ ਇੱਥੇ ਸਵਾਲ ਇਹ ਵੀ ਉੱਠ ਰਹੇ ਹਨ ਜੋ ਲੋਕਾਂ ਵੱਲੋਂ ਸਰਕਾਰ ਤੇ ਪੁਲਿਸ ਨੂੰ ਪੁੱਛੇ ਜਾ ਰਹੇ ਹਨ ਕਿ ਜਿਹੜੀ ਔਰਤ ਪੁਲਿਸ ਵਾਲੀ ਬਠਿੰਡਾ ਵਿੱਚ ਨਸ਼ੇ ਸਮੇਤ ਫੜੀ ਸੀ ਉਸ ਨੇ ਨਸ਼ੇ ਵੇਚ ਕੇ ਗੱਡੀਆਂ ਅਤੇ ਹੋਰ ਜਾਇਦਾਦ ਬਣਾਈ ਸੀ ਉਸ ਦੇ ਘਰ ਨੂੰ ਸਰਕਾਰ ਨੇ ਕਿਉਂ ਨਹੀਂ ਢਾਹਿਆ ? ਇਹ ਇੱਕ ਵੱਡਾ ਸਵਾਲ ਹੈ ਜਿਸ ਦਾ ਕੋਈ ਜਵਾਬ ਵੀ ਨਹੀਂ ਆ ਰਿਹਾ।

ਆਪਾਂ ਗੱਲ ਕਰ ਰਹੇ ਸੀ ਕਿ ਪੰਜਾਬ ਸਰਕਾਰ ਤੇ ਪੰਜਾਬ ਪੁਲਿਸ ਨੇ ਯੁੱਧ ਨਸ਼ਿਆਂ ਵਿਰੁੱਧ ਛੇੜਿਆ ਹੋਇਆ ਹੈ ਪਰ ਇਸ ਦੇ ਬਾਵਜੂਦ ਵੀ ਕਈ ਇਲਾਕਿਆਂ ਦੇ ਵਿੱਚ ਨਸ਼ੇ ਦੀ ਸਪਲਾਈ ਨੂੰ ਕੋਈ ਬਹੁਤਾ ਫ਼ਰਕ ਨਹੀਂ ਪਿਆ ਅਨੇਕਾਂ ਥਾਵਾਂ ਤੋਂ ਸ਼ਿਕਾਇਤਾਂ ਆ ਰਹੀਆਂ ਹਨ। ਬੇਸ਼ੱਕ ਪੰਜਾਬ ਪੁਲਿਸ ਤੇ ਸਰਕਾਰ ਨਸ਼ੇ ਵਿਰੁੱਧ ਯੁੱਧ ਲੜ ਰਹੀ ਹੈ। ਪਰ ਹਾਲੇ ਵੀ ਨਸ਼ਾ ਸੌਖਿਆਂ ਸ਼ਰੇਆਮ ਮਿਲ ਰਿਹਾ ਹੈ। ਇਸ ਗੱਲ ਦੀ ਗਵਾਹੀ ਹਾਲੇ ਵੀ ਪੰਜਾਬ ਦੇ ਅਲੱਗ ਅਲੱਗ ਇਲਾਕਿਆਂ ਵਿੱਚ ਨਸ਼ੇ ਦੀ ਓਵਰਡੋਜ਼ ਨਾਲ ਮਰਨ ਵਾਲਿਆਂ ਦੀਆਂ ਲਾਸ਼ਾਂ ਦੇ ਰਹੀਆਂ ਹਨ।

ਇਸੇ ਤਰ੍ਹਾਂ ਹੀ ਪੁਲਿਸ ਜਿਲਾ ਖੰਨਾ ਅਧੀਨ ਪੈਂਦੇ ਵੱਡੇ ਪਿੰਡ ਰੌਣੀ ਦੇ ਵਿੱਚੋਂ ਵੀ ਅਜਿਹਾ ਹੀ ਮਾਮਲਾ ਸਾਹਮਣੇ ਆਇਆ ਹੈ ਜਿਸ ਵਿੱਚ ਪਿੰਡ ਰੌਣੀ ਦੇ ਨੌਜਵਾਨ ਤਰਨਦੀਪ ਸਿੰਘ ਦੀ ਨਸ਼ਾ ਕਰਦੇ ਸਮੇਂ ਹੀ ਖੇਤਾਂ ਵਿੱਚ ਮੌਤ ਹੋ ਗਈ ਤੇ ਉਸ ਦੀ ਲਾਸ਼ ਦੇ ਵਿੱਚੋਂ ਲਮਕਦੀ ਹੋਈ ਸਰਿੰਜ ਇਹ ਗਵਾਹੀ ਦੇ ਰਹੀ ਹੈ ਕਿ ਨਸ਼ਾ ਮਿਲ ਰਿਹਾ ਤੇ ਨਸ਼ੇ ਨਾਲ ਨੌਜਵਾਨ ਮਰ ਰਹੇ ਹਨ।

# 5 ਸਾਲ ਤੋਂ ਘੱਟ ਉਮਰ ਦੇ ਬੱਚੇ ਗੁਰਸਾਂਝ ਸਿੰਘ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਇੰਟਰਨੈਸ਼ਨਲ ਬੁੱਕ ਆਫ਼ ਰਿਕਾਰਡਜ਼ ਦੁਆਰਾ ਆਯੋਜਿਤ ਮੁਕਾਬਲੇ ਵਿੱਚ 104 ਸਵਾਲਾਂ ਦੇ ਸਹੀ ਜਵਾਬ ਦੇ ਕੇ ਅਵਾਰਡ ਪ੍ਰਾਪਤ ਕੀਤਾ

**ਲੁਧਿਆਣਾ ( ਕਰਨੈਲ ਸਿੰਘ ਐੱਮ.ਏ.)** ਲੁਧਿਆਣਾ ਦੇ ਗੁਰਸਾਂਝ ਸਿੰਘ ਨੂੰ 20 ਅਪ੍ਰੈਲ, 2025 ਨੂੰ ਜੀ.ਐਨ.ਡੀ.ਯੂ, ਅੰਮ੍ਰਿਤਸਰ ਵਿਖੇ ਇੰਟਰਨੈਸ਼ਨਲ ਬੁੱਕ ਆਫ਼ ਰਿਕਾਰਡਜ਼ ਦੁਆਰਾ ਮਿਥਿਹਾਸ ਬਾਰੇ ਸਭ ਤੋਂ ਵੱਧ ਸਵਾਲਾਂ ਦੇ ਜਵਾਬ ਦੇਣ ਵਾਲੇ ਸਭ ਤੋਂ ਘੱਟ ਉਮਰ ਦੇ ਵਿਅਕਤੀ ਵਜੋਂ ਵਿਸ਼ਵ ਰਿਕਾਰਡ ਸਥਾਪਿਤ ਕਰਨ ਲਈ ਇੱਕ ਵੱਕਾਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ। ਅਸਾਧਾਰਨ ਗਿਆਨ ਅਤੇ ਯਾਦਦਾਸ਼ਤ ਹੁਨਰ ਦਾ ਪ੍ਰਦਰਸ਼ਨ ਕਰਦੇ ਹੋਏ, ਉਸਨੇ ਸੰਗਠਨ ਦੇ ਇੱਕ ਪੈਨਲ ਦੁਆਰਾ ਪੁੱਛੇ ਗਏ 104 ਸਵਾਲਾਂ ਦੇ ਸਹੀ ਜਵਾਬ ਦਿੱਤੇ। ਇੱਥੇ ਵਰਨਣਯੋਗ ਹੈ ਕਿ ਗੁਰਸਾਂਝ ਪਹਿਲੀ ਵਾਰ ਸੁਰਖੀਆਂ ਵਿੱਚ ਨਹੀਂ ਆਇਆ। ਸਿਰਫ਼ 14 ਮਹੀਨੇ ਅਤੇ 18 ਮਹੀਨਿਆਂ ਦੀ ਸ਼ਾਨਦਾਰ ਉਮਰ ਵਿੱਚ, ਉਸ ਨੇ ਆਪਣੀ ਅਸਾਧਾਰਨ ਯਾਦਦਾਸ਼ਤ ਲਈ






ਇੰਟਰਨੈਸ਼ਨਲ ਬੁੱਕ ਆਫ਼ ਰਿਕਾਰਡਜ਼ ਅਤੇ ਅਬਦੁਲ ਕਲਾਮ ਜੀ ਦੇ ਵਰਲਡ ਰਿਕਾਰਡਜ਼ ਦੋਵਾਂ ਦੁਆਰਾ ਮਾਨਤਾ ਪ੍ਰਾਪਤ ਪਿਛਲੇ ਵਿਸ਼ਵ ਰਿਕਾਰਡ ਬਣਾਏ, ਸਭ ਤੋਂ ਵੱਧ ਪਾਤਰਾਂ ਦੀ ਪਛਾਣ ਕਰਨ ਵਾਲਾ ਸਭ ਤੋਂ ਘੱਟ ਉਮਰ 5 ਸਾਲ ਤੋਂ ਵੀ ਛੋਟੀ ਉਮਰੇ ਗੁਰਸਾਂਝ ਸਭ ਤੋਂ ਛੋਟੀ ਉਮਰ ਦਾ ਬੱਚਾ ਬਣ ਗਿਆ ਹੈ। ਇਸ ਦਾ ਸ਼ਰੇਅ ਉਸ ਦੀ ਮਾਤਾ ਨਵਦੀਪ ਕੌਰ ਅਤੇ ਪਿਤਾ ਦੀਪਇੰਦਰ ਸਿੰਘ ਅਨੁਸਾਰ ਗੁਰਸਾਂਝ ਦੇ ਦਾਦੀ ਮਾਤਾ ਦਲਜੀਤ ਕੌਰ ਅਤੇ ਦਾਦਾ ਸ੍ਰ: ਅਮਰਜੀਤ ਸਿੰਘ ਨੂੰ ਦਿੰਦੇ ਹਨ ਜਿਨ੍ਹਾਂ ਦੇ ਸੰਸਕਾਰਾਂ ਸਦਕਾ ਇਹ ਸਭ ਸੰਭਵ ਹੋਇਆ ਹੈ।

ਉਸਦੀਆਂ ਸ਼ਾਨਦਾਰ ਪ੍ਰਾਪਤੀਆਂ ਨੂੰ ਇੰਡੀਆ ਬੁੱਕ ਆਫ਼ ਰਿਕਾਰਡਜ਼ ਦੁਆਰਾ ਵੀ ਮਾਨਤਾ ਦਿੱਤੀ ਗਈ ਹੈ।

# ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਛੋਕਰਾਂ ਦੇ ਵਿਦਿਆਰਥੀਆਂ ਨੂੰ ਕਾਪੀਆਂ-ਪੈੱਨ ਤੇ ਸਟੇਸ਼ਨਰੀ ਵੰਡੀ



**ਫਿਲੌਰ/ਅੱਪਰਾ (ਦੀਪਾ)-** ਕਰੀਬੀ ਪਿੰਡ ਛੋਕਰਾਂ ਵਿਖੇ ਸਥਿਤ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਛੋਕਰਾਂ ਦੇ ਸਮੂਹ ਵਿਦਿਆਰਥੀਆਂ ਨੂੰ ਅਮਨਜੋਤੀ (ਯੂ.ਕੇ), ਲਖਵਿੰਦਰ ਲੋਹਟ ਤੇ ਵਿਜੈ ਦਾਦਰਾ (ਯੂ.ਕੇ) (ਸਵ. ਢੇਰੂ ਰਾਮ ਦੇ ਪਰਿਵਾਰ ) ਵਲੋਂ ਕਾਪੀਆਂ-ਪੈੱਨ ਤੇ ਹੋਰ ਸਟੇਸ਼ਨਰੀ ਵੰਡੀ ਗਈ । ਇਸ ਮੌਕੇ ਬੋਲਦਿਆਂ ਲਖਵਿੰਦਰ ਲੋਹਟ ਤੇ ਵਿਜੈ ਦਾਦਰਾ (ਯੂ.ਕੇ) ਨੇ ਕਿਹਾ ਕਿ ਵਰਤਮਾਨ ਸਮੇਂ 'ਚ ਸਰਕਾਰੀ ਸਕੂਲਾਂ 'ਚ ਪੜਦੇ ਵਿਦਿਆਰਥੀਆਂ ਵੀ ਵਿੱਦਿਅਕ ਖੇਤਰ 'ਚ ਪ੍ਰਾਈਵੇਟ ਸਕੂਲਾਂ'ਚ ਪੜਦੇ ਵਿਦਿਆਰਥੀਆਂ ਦੇ ਬਰਾਬਰ ਅੰਕ ਪ੍ਰਾਪਤ ਕਰ ਰਹੇ ਹਨ । ਇਸ ਲਈ ਸਾਨੂੰ ਵੀ ਚਾਹੀਦਾ ਹੈ ਕਿ ਅਸੀਂ ਆਪਣੀ ਕਿਰਤ ਕਮਾਈ 'ਚ ਦਸਬੰਧ ਕੱਢਦੇ ਹੋਏ ਉਨਾਂ ਦੀ ਮੱਦਦ ਕਰੀਏ ਤਾਂ ਕਿ ਉਹ ਵੀ ਪੜ ਲਿਖ ਕੇ ਦੇਸ਼ ਤੇ ਸਮਾਜ ਦੀ ਸੇਵਾ ਕਰਨ । ਇਸ ਮੌਕੇ ਮਾਸਟਰ ਕੁਲਵੀਰ ਰਾਮ ਇੰਚਾਰਜ ਮਿਡਲ ਵਿੰਗ ਨੇ ਸਮੂਹ ਦਾਨੀ ਸੱਜਣਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ । ਇਸ ਮੌਕੇ ਜਸਵਿੰਦਰ ਕੌਰ, ਲਖਵਿੰਦਰ ਲੋਹਟ, ਮੋਨਿਕਾ ਲੋਹਟ, ਮਾਸਟਰ ਗੁਰਜੰਟ ਸਿੰਘ ਤੇ ਸਮੂਹ ਵਿਦਿਆਰਥੀ ਹਾਜ਼ਰ ਸਨ ।

# ਪੰਥ ਪ੍ਰਸਿੱਧ ਵਿਦਵਾਨ ਅਤੇ ਸਿੱਖ ਪ੍ਰਚਾਰਕ ਸਤਿਕਾਰਯੋਗ ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਜੀ ਦੇ ਪਿਤਾ ਸ੍ਰ: ਹਰਦਿਆਲ ਸਿੰਘ ਜੀ ਦਾ ਸਸਕਾਰ ਅੱਜ ਲੁਧਿਆਣਾ ਦੀ ਦਾਣਾ ਮੰਡੀ ਸ਼ਮਸ਼ਾਨਘਾਟ ਨੇੜੇ ਅਰੋੜਾ ਪੈਲਿਸ : ਨਿਮਾਣਾ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** "ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥ ਪੰਥ ਪ੍ਰਸਿੱਧ ਵਿਦਵਾਨ ਅਤੇ ਸਿੱਖ ਪ੍ਰਚਾਰਕ ਸਤਿਕਾਰਯੋਗ ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਜੀ ਦੇ ਪਿਤਾ ਸ੍ਰ: ਹਰਦਿਆਲ ਸਿੰਘ ਜੀ ਪਿਛਲੇ ਦਿਨੀਂ ਵਾਹਿਗੁਰੂ ਦੇ ਭਾਣੇ ਨੂੰ ਮੰਨਦਿਆਂ ਹੋਇਆਂ ਅਕਾਲ ਚਲਾਣਾ ਕਰ ਗਏ ਹਨ ਉਨ੍ਹਾਂ ਦਾ ਸਸਕਾਰ ਮਿਤੀ 26 ਅਪ੍ਰੈਲ ਨੂੰ ਸ਼ਾਮ 4 ਵਜ਼ੇ ਸ਼ਮਸ਼ਾਨ ਘਾਟ, ਨੇੜੇ ਦਾਣਾ ਮੰਡੀ, ਬੈਕ ਸਾਈਡ ਅਰੋੜਾ ਪੈਲੇਸ ਲੁਧਿਆਣਾ ਵਿਖੇ ਹੋਵੇਗਾ। ਦਾਸ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਮੁੱਖ ਸੇਵਾਦਾਰ ਭਾਈ ਘਨ੍ਹਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ:) ਅਤੇ ਕੌਮੀ ਪ੍ਰਧਾਨ ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ ਅਤੇ ਸਾਥੀਆਂ



ਜੁਗਰਾਜ ਸਿੰਘ ਮੰਡ ਪ੍ਰਧਾਨ ਯੂਥ ਵਿੰਗ ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ, ਭਾਈ ਮਨਜੀਤ ਸਿੰਘ ਬੁਟਾਹਰੀ, ਭਾਈ ਹਰਪਾਲ ਸਿੰਘ ਨਿਮਾਣਾ, ਭਾਈ ਭੁਪਿੰਦਰ ਸਿੰਘ ਨਿਊ ਸੁਭਾਸ਼ ਨਗਰ ਪ੍ਰਧਾਨ ਗੁ; ਸਿੰਘ ਸਭਾ, ਸਰਪੰਚ ਮਨਜੀਤ ਸਿੰਘ ਤੂਰ ਬਾਜੜਾ, ਸਰਪੰਚ ਨਿਰਮਲ ਸਿੰਘ ਬੇਰਕਲਾਂ, ਪਰਮਜੀਤ ਸਿੰਘ ਨੱਤ, ਬਲਦੇਵ ਸਿੰਘ ਸੰਧੂ, ਅਮਰਜੀਤ ਸਿੰਘ ਭੱਟੀ, ਪ੍ਰਭਦੀਪ ਸਿੰਘ ਸੇਖੋਂ ਪ੍ਰਧਾਨ ਦਿਹਾਤੀ ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ, ਸ਼ਮਸ਼ੇਰ ਸਿੰਘ ਲਾਡੋਵਾਲ, ਜੁਝਾਰ ਸਿੰਘ, ਬੀਬੀ ਸਵਿੰਦਰਜੀਤ ਕੌਰ ਪ੍ਰਧਾਨ ਇਸਤਰੀ ਵਿੰਗ ਭਾਈ ਘਨ੍ਹਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ:), ਪਰਵਿੰਦਰ ਸਿੰਘ ਗਿੰਦਰਾ, ਜਸਪਾਲ ਸਿੰਘ, ਤਨਜੀਤ ਸਿੰਘ, ਲਕਸ਼ਮਣ ਸਿੰਘ ਖਾਲਸਾ ਵੱਲੋਂ ਇਸ ਦੁਖਦਾਈ ਮੌਕੇ ਉਤੇ ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਜੀ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਾਂ ਕਿ ਉਹ ਵਿਛੜੀ ਆਤਮਾ ਨੂੰ ਆਪਣੇ ਚਰਨਾਂ 'ਚ ਨਿਵਾਸ ਬਖਸ਼ਣ ।

# ਅੱਪਰਾ ਵਿਖੇ ਵਿਸ਼ਵ ਮਲੇਰੀਆ ਦਿਵਸ ਮਨਾਇਆ

**ਫਿਲੌਰ/ਅੱਪਰਾ (ਦੀਪਾ)-** ਸਿਵਲ ਸਰਜਨ ਜਲੰਧਰ ਅਤੇ ਐਪੀਡੀਮੋਲੋਜਿਸਟ ਡਾਕਟਰ ਅਦਿੱਤਿਆ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ, ਐਸ ਐਮ ਓ ਡਾਕਟਰ ਕਿਰਨ ਕੌਸ਼ਲ ਸੀ ਐਚ ਸੀ ਅੱਪਰਾ ਦੇ ਦੀ ਅਗਵਾਈ ਵਿੱਚ ਵਿਸ਼ਵ ਮਲੇਰੀਆ ਦਿਵਸ ਮਨਾਇਆ ਗਿਆ ਙ ਜਿਸ ਦੌਰਾਨ ਗੁਰਨੇਕ ਲਾਲ ਹੈਲਥ ਸੁਪਰਵਾਈਜਰ ਨੇ ਸਰਕਾਰੀ ਹਾਈ ਸਕੂਲ ਅੱਪਰਾ ਦੇ ਵਿਦਿਆਰਥੀਆਂ ਨੂੰ ਮਲੇਰੀਆ ਬੁਖਾਰ ਦੇ ਕਾਰਨ, ਲੱਛਣ ਅਤੇ ਬਚਾਅ ਸਬੰਧੀ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਭੱਠੇ ਤੇ ਪਥੇਰਾਂ ਵਿੱਚ ਫੀਲਡ



ਸਟਾਫ ਸਮੇਤ ਲੇਬਰ ਦਾ ਮਲੇਰੀਆ ਬੁਖਾਰ ਟੈਸਟ ਵੀ ਕੀਤਾ ਗਿਆ ਤੇ ਨਾਲ ਨਾਲ ਬਚਾਓ ਲਈ ਜਾਣਕਾਰੀ ਵੀ ਦਿੱਤੀ। ਇਸ ਮੌਕੇ ਪਰਮਿੰਦਰ ਕੌਰ, ਸੁਖਵਿੰਦਰ ਕੌਰ, ਸੁਮਨ ਐਰੀ, ਰੀਟਾ ਰਾਣੀ ਆਸ਼ਾ ਵਰਕਰਾਂ ਨੇ ਬਲੱਡ ਸਲਾਈਡਾਂ ਵੀ ਬਣਾਈਆਂ ਅਤੇ ਜਾਣਕਾਰੀ ਵਾਲੇ ਪੈਂਫਲਿਟ ਵੀ ਵੰਡੇ।

# ਕਰਤਾਰ ਕਾਨਵੈਂਟ ਸਕੂਲ 'ਚ ਮਨਾਇਆ ਵਿਸ਼ਵ ਧਰਤੀ ਦਿਵਸ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਕਰਤਾਰ ਕਾਨਵੈਂਟ ਸਕੂਲ, ਪ੍ਰਿੰਸ ਕਲੋਨੀ, ਗਲੀ ਨੰਬਰ 1, 33 ਫੁੱਟ ਰੋਡ, ਮੁੰਡੀਆਂ ਕਲਾਂ, ਲੁਧਿਆਣਾ ਵਿਖੇ ਵਿਸ਼ਵ ਧਰਤੀ ਦਿਵਸ ਬਹੁਤ ਉਤਸ਼ਾਹ ਨਾਲ ਮਨਾਇਆ ਗਿਆ । ਸਕੂਲ ਵਿਖੇ ਧਰਤੀ ਦਿਵਸ ਮਨਾਉਣ ਦੀ ਸ਼ੁਰੂਆਤ ਵਿਦਿਆਰਥੀਆਂ ਤੇ ਸਟਾਫ ਨੇ ਧਰਤੀ ਦਿਵਸ ਅਸੈਂਬਲੀ ਨਾਲ ਕੀਤੀ। ਇਸ ਅਸੈਂਬਲੀ ਵਿੱਚ ਬੱਚਿਆਂ ਤੇ ਸਟਾਫ ਨੇ ਆਪਣੀ ਧਰਤੀ ਦੀ ਸਾਂਭ ਸੰਭਾਲ ਰੱਖਣ ਦਾ ਪ੍ਰਣ ਲਿਆ । ਸਕੂਲ ਦੇ ਬੱਚਿਆਂ ਵੱਲੋਂ ਰੁੱਖਾਂ, ਪਾਣੀ, ਹਵਾ ਤੇ ਧਰਤੀ ਮਾਤਾ ਦੇ ਰੂਪ ਵਿੱਚ ਸਜ ਕੇ ਇੱਕ ਸਰਲ ਪਰ ਪ੍ਰਭਾਵਸ਼ਾਲੀ ਢੰਗ ਨਾਲ ਕੁਦਰਤ ਨੂੰ ਬਚਾਉਣ ਦੀ ਮਹੱਤਤਾ ਬਾਰੇ ਇੱਕ ਸ਼ਕਤੀਸ਼ਾਲੀ ਸੰਦੇਸ਼ ਵੀ ਦਿੱਤਾ । ਸਕੂਲ ਦੇ ਪ੍ਰਿੰਸੀਪਲ ਹਰਪ੍ਰੀਤ ਕੌਰ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਵਿਸ਼ਵ ਧਰਤੀ ਦਿਵਸ ਹਰ ਸਾਲ 23 ਅਪ੍ਰੈਲ ਨੂੰ ਮਨਾਇਆ ਜਾਂਦਾ ਹੈ। ਇਹ ਇੱਕ ਅਜਿਹਾ ਦਿਵਸ ਹੈ ਜਿਸ ਨੂੰ ਧਰਤੀ ਤੇ ਕੁਦਰਤੀ ਵਾਤਾਵਰਨ ਬਾਰੇ ਵਿੱਚ ਪ੍ਰਸੰਸਾ ਤੇ ਜਾਗਰੂਕਤਾ ਨੂੰ ਪ੍ਰੇਰਿਤ ਕਰਨ ਲਈ ਸ਼ੁਰੂ ਕੀਤਾ ਗਿਆ ਹੈ। ਉਹਨਾਂ ਦੱਸਿਆ ਕਿ ਇਸ ਸਾਲ 2025 ਦਾ ਥੀਮ ਹੈ "ਸਾਡੀ ਧਰਤੀ ਸਾਡੇ ਦਰਖਤ" ਨੂੰ ਸਮਰਪਿਤ ਹੈ । ਸਾਨੂੰ ਸਾਰਿਆਂ ਨੂੰ ਧਰਤੀ ਨੂੰ ਪ੍ਰਦੂਸ਼ਣ ਤੋਂ ਬਚਾਉਣ ਲਈ ਰਲ਼ ਮਿਲ਼ ਕੇ ਹੰਭਲਾ ਮਾਰਨਾ ਚਾਹੀਦਾ ਹੈ । ਅੱਜ ਦੇ ਦਿਨ ਇਹ ਪ੍ਰਣ ਕਰਨਾ ਚਾਹੀਦਾ ਹੈ ਕਿ ਅਸੀਂ ਸਾਰੇ ਜੀਵਨ 'ਚ ਘੱਟੋ-ਘੱਟ ਇੱਕ ਰੁੱਖ ਜ਼ਰੂਰ ਲਾਈਏ ।





# ਸਰਵਹਿੱਤਕਾਰੀ ਵਿੱਦਿਆ ਮੰਦਰ ਭੀਖੀ ਵਿਖੇ ਦੋ ਰੋਜ਼ਾ ਭਾਰਤ ਸਕਾਊਟ ਅਤੇ ਗਾਈਡ ਯੂਨਿਟ ਦਾ ਟੈਸਟਿੰਗ ਕੈਂਪ ਲਗਾਇਆ ਗਿਆ

**ਭੀਖੀ( ਕਮਲ ਜਿੰਦਲ)** ਸਰਵਹਿੱਤਕਾਰੀ ਵਿੱਦਿਆ ਮੰਦਰ ਭੀਖੀ ਵਿਖੇ ਭਾਰਤ ਸਕਾਊਟ ਐਂਡ ਗਾਈਡ ਯੂਨਿਟ ਦਾ ਦੋ ਰੋਜ਼ਾ ਤਰਿੱਤਿਆ ਸੋਪਾਨ ਟੈਸਟਿੰਗ ਕੈਂਪ ਲਗਾਇਆ ਗਿਆ। ਇਸ ਮੌਕੇ ਜਾਣਕਾਰੀ ਦਿੰਦਿਆਂ ਸਕੂਲ ਪ੍ਰਿੰਸੀਪਲ ਡਾਕਟਰ ਗਗਨਦੀਪ ਪਰਾਸ਼ਰ ਨੇ ਦੱਸਿਆ ਕਿ ਵਿੱਦਿਆ ਮੰਦਰ ਵਿੱਚ ਸਕਾਊਟਿੰਗ ਲਹਿਰ ਨੂੰ ਪ੍ਰਫੁੱਲਤ ਕਰਨ ਲਈ ਇਸ ਦੋ ਰੋਜ਼ਾ ਕੈਂਪ ਵਿੱਚ ਸੈਸ਼ਨ 2025 - 26 ਬੈਚ ਦੇ ਕੁੱਲ 90 ਬੱਚਿਆਂ ਨੇ ਭਾਗ ਲਿਆ। ਇਸ ਕੈਂਪ ਵਿੱਚ ਭਾਰਤ ਸਕਾਊਟ ਐਂਡ ਗਾਈਡ ਜ਼ਿਲ੍ਹਾ ਮਾਨਸਾ ਦੇ ਪ੍ਰਬੰਧਕੀ ਕਮਿਸ਼ਨਰ ਸਕਾਊਟਸ ਸ੍ਰ. ਦਰਸ਼ਨ ਸਿੰਘ ਬਰੇਟਾ, ਸਹਿ-ਸਹਿਯੋਗੀ ਸ੍ਰ. ਦਰਸ਼ਨ ਸਿੰਘ ਬਰੇਟਾ ਨੇ ਉਚੇਚੇ ਤੌਰ ਤੇ ਸ਼ਮੂਲੀਅਤ ਕੀਤੀ ਅਤੇ ਬੱਚਿਆਂ ਦਾ ਮਾਰਗਦਰਸ਼ਨ ਕੀਤਾ । ਇਸ ਮੌਕੇ ਉਨ੍ਹਾਂ ਵੱਲੋਂ ਬੱਚਿਆਂ ਨੂੰ ਸਕਾਊਟ ਅਤੇ ਗਾਈਡ ਦੇ ਮੁੱਢਲੇ ਦੌਰ ਬਾਰੇ ਵਿਸਥਾਰ ਵਿੱਚ ਜਾਣਕਾਰੀ ਗਈ। ਇਸ ਦੌਰਾਨ ਉਨ੍ਹਾਂ ਵੱਲੋਂ ਸਕਾਊਟਸ ਗਾਈਡਜ਼ ਨਿਯਮ, ਬੇਸਿਕ ਗਤੀਵਿਧੀਆਂ, ਲੋਗੋ, ਪੈਟਰੋਲ, ਪ੍ਰਾਰਥਨਾ, ਤੰਬੂ ਲਗਾਉਣਾ, ਫਸਟ- ਏਡ ਬਾਰੇ ਚਾਨਣਾ ਪਾਇਆ।ਇਸ ਮੌਕੇ ਜ਼ਿਲ੍ਹਾ ਸਕਾਊਟਸ ਪ੍ਰਬੰਧਕੀ ਕਮਿਸ਼ਨਰ ਦਰਸ਼ਨ ਸਿੰਘ ਬਰੇਟਾ ਨੇ ਬੱਚਿਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਸਕਾਊਟਿੰਗ ਲਹਿਰ ਦੀ ਬੁਨਿਆਦ ਨੈਤਿਕਤਾ, ਇਮਾਨਦਾਰੀ, ਭਰਾਤਰੀ- ਭਾਵ ਤੇ ਆਪਸੀ ਵਿਸ਼ਵਾਸ ਤੇ ਆਧਾਰਿਤ ਹੈ। ਇਹਨਾਂ ਕੈਂਪ ਗਤੀਵਿਧੀਆਂ ਵਿੱਚ ਮੁਹਾਰਤ ਹਾਸਲ ਕਰਨ ਤੇ ਅਸੀਂ ਆਪਣੀ ਜ਼ਿੰਦਗੀ ਦੇ ਖੂਬਸੂਰਤ ਇਨਸਾਨ, ਵਲੰਟੀਅਰ ਦੇ ਫਰਜ਼, ਨੇਕੀ ਜਿਹੇ ਮਹੱਤਵਪੂਰਨ ਕਾਰਜਾਂ ਕਰਕੇ ਅਹਿਮ ਰੋਲ ਅਦਾ ਕਰਦੇ ਹਾਂ। ਇਸਦੇ ਇਲਾਵਾ ਰਾਜ ਪੁਰਸਕਾਰ ਅਤੇ ਰਾਸ਼ਟਰੀ ਪੁਰਸਕਾਰ ਵੀ ਪ੍ਰਾਪਤ ਕਰ ਸਕਦੇ ਹਾਂ। ਇਸ ਮੌਕੇ ਸੰਬੋਧਨ ਕਰਦਿਆਂ ਸਕੂਲ ਪ੍ਰਿੰਸੀਪਲ ਡਾਕਟਰ ਗਗਨਦੀਪ ਪਰਾਸ਼ਰ ਨੇ ਭਾਰਤ ਸਕਾਊਟ ਐਂਡ ਗਾਈਡ ਮਾਨਸਾ ਦੇ ਜ਼ਿਲ੍ਹਾ ਪ੍ਰਬੰਧਕੀ ਕਮਿਸ਼ਨਰ ਸ੍ਰ. ਦਰਸ਼ਨ ਸਿੰਘ ਬਰੇਟਾ ਦਾ ਵਿੱਦਿਆ ਮੰਦਰ ਵਿੱਚ ਪਹੁੰਚਣ ਤੇ ਹਾਰਦਿਕ ਸਵਾਗਤ ਕੀਤਾ ।ਇਸ ਦੌਰਾਨ ਉਨ੍ਹਾਂ ਬੱਚਿਆਂ ਨੂੰ ਦੱਸਿਆ ਕਿ ਸਕਾਊਟਿੰਗ ਗਤੀਵਿਧੀਆਂ ਨਵੀਂ ਪੀੜੀ ਨੂੰ ਬੌਧਿਕ, ਮਾਨਸਿਕ ਅਤੇ ਸਰੀਰਕ ਤੌਰ ਤੇ ਵਿਕਸਿਤ ਕਰਕੇ ਸਮਾਜਿਕ ਸਰੋਕਾਰਾਂ ਵਿੱਚ ਯੋਗਦਾਨ ਪਾਉਣ ਅਤੇ ਪੂਰਨ ਮਨੁੱਖ ਬਣਾਉਣ ਵਿੱਚ ਸਹਾਈ ਹੁੰਦੀਆਂ ਹਨ।ਇਸ ਮੌਕੇ ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਬੰਧਕ ਅੰਮ੍ਰਿਤ ਲਾਲ, ਵਾਈਸ ਪ੍ਰਧਾਨ ਪ੍ਰਸ਼ੋਤਮ ਮੱਤੀ ਹਾਜ਼ਰ ਸਨ।





# ਇੰਡੀਅਨ ਵਰਕਰਜ ਐਸੋਸੀਏਸ਼ਨ ਵਲੋਂ ਪਹਿਲਗਾਮ ਵਿੱਚ ਸੈਲਾਨੀਆਂ ਦੇ ਕਤਲੇਆਮ ਦੀ ਸਖ਼ਤ ਨਿਖੇਧੀ

## ਵਾਰਦਾਤ ਦੀ ਉੱਚ ਪੱਧਰੀ ਆਜਾਦਾਨਾ ਜਾਂਚ ਕਰਵਾਏ ਜਾਣ ਦੀ ਮੰਗ

**ਲੈਸਟਰ(ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)**-ਬੀਤੇ ਦਿਨੀ ਕਸ਼ਮੀਰ ਘਾਟੀ ਵਿਚ ਪਹਿਲਗਾਮ ਵਿਖੇ ਸੈਲਾਨੀਆਂ ਦੇ ਅਣਮਨੁੱਖੀ ਕਤਲੇਆਮ ਅਤੇ ਕਈ ਹੋਰਨਾਂ ਨੂੰ ਜ਼ਖਮੀ ਕਰਨ ਦੀ ਘਿਨਾਉਣੀ ਵਾਰਦਾਤ ਦੀ ਇਡੰਅਨ ਵਰਕਰਜ ਐਸੋਸੀਏਸ਼ਨ (ਗ.ਬ.) ਨੇ ਸਖਤ ਨਿਖੇਧੀ ਕੀਤੀ ਹੈ ਅਤੇ ਸਾਰੇ ਮ੍ਰਿਤਕਾਂ ਪ੍ਰਤੀ ਸੰਵੇਦਨਾ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਐਸੋਸੀਏਸ਼ਨ ਦੇ ਜਨਰਲ ਸਕੱਤਰ ਸ਼ੀਤਲ ਸਿੰਘ ਗਿੱਲ ਨੇ ਕਿਹਾ ਕਿ ਇਸ ਕਤਲੇਆਮ ਖ਼ਿਲਾਫ਼ ਆਮ ਕਸ਼ਮੀਰੀ ਅਵਾਮ ਨੇ ਜਿਵੇਂ ਵਿਆਪਕ ਪੱਧਰ 'ਤੇ ਆਵਾਜ਼ ਉਠਾਈ ਹੈ, ਉਸ ਨਾਲ ਭਾਰਤ ਅਤੇ ਦੁਨੀਆ ਦੀਆਂ ਜਮਹੂਰੀ ਤੇ ਇਨਸਾਫ ਪਸੰਦ ਸ਼ਕਤੀਆਂ ਨੂੰ ਵੱਡੀ ਨੈਤਿਕ ਤਾਕਤ ਮਿਲੀ ਹੈ।

ਸ ਗਿੱਲ ਨੇ ਜਾਰੀ ਕੀਤੇ ਇਕ ਬਿਆਨ ਵਿੱਚ ਕਿਹਾ ਕਿ ਇਸ ਘਟਨਾ ਨੇ ਕਸ਼ਮੀਰ ਵਿੱਚ ਹਾਲਾਤ ਆਮ ਵਰਗੇ ਹੋਣ ਦੇ ਬੀ ਜੇ ਪੀ ਸਰਕਾਰ ਦੇ ਖੋਖਲੇ ਦਾਅਵਿਆਂ ਨੂੰ ਬੇਨਕਾਬ ਕਰ ਦਿੱਤਾ ਹੈ। ਜੰਮੂ ਕਸ਼ਮੀਰ ਨੂੰ ਦੋ ਹਿੱਸਿਆਂ ਵਿਚ ਵੰਡਣ, ਸੂਬੇ ਦੀ ਬਜਾਏ ਯੂਟੀ ਬਣਾ ਦੇਣ , ਪੂਰੀਆਂ ਸ਼ਕਤੀਆਂ ਚੁਣੀ ਹੋਈ ਸਰਕਾਰ ਦੀ ਬਜਾਏ ਲੈਫਟੀਨੈਂਟ ਗਵਰਨਰ ਦੇ ਹੱਥ ਦੇਣ ਦੇ ਬਾਵਜੂਦ ਕਸ਼ਮੀਰ ਵਿੱਚ ਆਮ ਨਾਗਰਿਕਾਂ, ਪ੍ਰਵਾਸੀ ਮਜ਼ਦੂਰਾਂ ਅਤੇ ਹੁਣ ਸੈਲਾਨੀਆਂ ਉਤੇ ਦਹਿਸ਼ਤੀ ਹਮਲੇ ਜਿਉਂ ਦੇ ਤਿਉਂ ਜਾਰੀ ਹਨ। ਬੇਸ਼ੱਕ ਬੀ ਜੇ ਪੀ ਵਾਰ ਵਾਰ ਉੱਥੇ ਆਮ ਵਰਗੀ ਹਾਲਤ ਬਹਾਲ ਹੋਣ ਦੇ ਦਾਅਵੇ ਕਰਦੀ ਰਹੀ ਹੈ, ਪਰ ਉੱਥੇ ਨਿਰੰਤਰ ਜਾਰੀ ਹਿੰਸਾ ਬੀਜੇਪੀ ਦੇ ਅਜਿਹੇ ਦਾਅਵਿਆਂ ਦੀ ਹਕੀਕਤ ਨੂੰ ਜ਼ਾਹਰ ਕਰ ਰਹੀ ਹੈ। ਫੌਜ ਦੀ ਭਾਰੀ ਮੌਜੂਦਗੀ ਦੇ ਬਾਵਜੂਦ ਦਹਿਸ਼ਤਗਰਦੀ ਦੀਆਂ ਘਟਨਾਵਾਂ ਰੁਕ ਨਹੀਂ ਰਹੀਆਂ। ਮੋਦੀ ਸਰਕਾਰ ਵਲੋਂ ਉੱਥੇ ਜਨਤਾ ਦੇ ਲੋਕਤੰਤਰੀ ਫਤਵੇ ਨੂੰ ਦਬਾਉਣ ਅਤੇ ਮਸਲੇ ਨੂੰ ਸਿਆਸੀ ਤੌਰ 'ਤੇ ਹੱਲ ਕਰਨ ਦੀ ਬਜਾਏ ਬੰਦੂਕ ਦੇ ਬਲ 'ਤੇ ਨਜਿੱਠਣ ਦੀ ਨੀਤੀ ਸੂਬੇ ਵਿੱਚ ਸ਼ਾਂਤੀ ਅਤੇ ਸੁਰੱਖਿਆ ਦੀ ਬਹਾਲੀ ਕਰਨ ਵਿੱਚ ਪੂਰੀ ਤਰ੍ਹਾਂ ਅਸਫਲ ਸਾਬਤ ਹੋਈ ਹੈ। ਇਥੋਂ ਤੱਕ ਕਿ ਭਾਰਤ ਵਾਸੀਆਂ ਅਤੇ ਦੁਨੀਆ ਦੇ ਮਨਾਂ ਵਿੱਚ ਇਸ ਘਿਨਾਉਣੇ ਕਤਲੇਆਮ ਦੇ ਸਮੇਂ ਅਤੇ ਪ੍ਰਸੰਗ ਨੂੰ ਲੈ ਕੇ ਗੰਭੀਰ ਖਦਸੇ ਹਨ। ਲੋਕਾ ਨੂੰ ਇਹ ਖ਼ਦਸ਼ਾ ਹੈ ਕਿ ਅਮਰੀਕੀ ਰਾਸ਼ਟਰਪਤੀ ਬਿੱਲ ਕਲਿੰਟਨ ਦੇ ਭਾਰਤ ਦੌਰੇ ਦੌਰਾਨ ਹੋਏ ਚਿੱਠੀ ਸਿੰਘਪੁਰਾ ਪਿੰਡ ਵਿੱਚ ਤਿੰਨ ਦਰਜਨ ਕਸ਼ਮੀਰੀ ਸਿੱਖਾਂ ਦੇ ਕਤਲੇਆਮ, ਲੋਕ ਸਭਾ ਚੋਣਾਂ ਤੋਂ ਪਹਿਲਾਂ ਪੁਲਵਾਮਾ ਵਿਖੇ ਹੋਏ ਭਾਰੀ ਵਿਸਫੋਟ ਵਿੱਚ ਸਾਡੇ 40 ਮਿਲਟਰੀ ਦੇ ਜੁਆਨਾਂ ਦੀਆਂ ਜਾਨਾਂ ਜਾਣ ਅਤੇ ਹੁਣ ਅਮਰੀਕੀ ਉਪ ਰਾਸ਼ਟਰਪਤੀ ਵਾਂਸ ਦੇ ਭਾਰਤ ਦੌਰੇ ਦੌਰਾਨ ਸੈਲਾਨੀਆਂ ਦੇ ਇਸ ਕਤਲੇਆਮ ਵਰਗੀਆਂ ਸ਼ੱਕੀ ਵਾਰਦਾਤਾਂ ਨੂੰ ਇਕੋ ਲੜੀ ਵਿੱਚ ਜੁੜਦਾ ਹੀ ਦਿਖਾਈ ਦੇ ਰਿਹਾ ਹੈ। ਇਸ ਲਈ ਅਸੀਂ ਇਸ ਵਾਰਦਾਤ ਦੀ ਉੱਚ ਪੱਧਰੀ ਤੇ ਆਜਾਦਾਨਾ ਜਾਂਚ ਕਰਵਾਏ ਜਾਣ ਦੀ ਮੰਗ ਕਰਦੇ ਹਾਂ।



ਸ਼ੀਤਲ ਸਿੰਘ ਗਿੱਲ

ਸੀਤੱਲ ਸਿੰਘ ਗਿੱਲ ਨੇ ਕਿਹਾ ਕਿ ਅਸੀਂ ਇਸ ਘਿਨਾਉਣੀ ਵਾਰਦਾਤ ਦੇ ਕਾਤਲਾਂ ਤੇ ਸਾਜ਼ਿਸ਼ਕਾਰਾਂ ਨੂੰ ਸਖ਼ਤ ਸਜ਼ਾਵਾਂ ਦੇਣ ਦੀ ਮੰਗ ਕਰਦੇ ਹਾਂ, ਪਰ ਖ਼ਾਨਾਪੂਰਤੀ ਲਈ ਹਰਗਿਜ਼ ਵੀ ਕੁਝ ਬੇਕਸੂਰ ਲੋਕਾਂ ਨੂੰ ਬਲੀ ਨਹੀਂ ਚੜ੍ਹਾਇਆ ਜਾਣਾ ਚਾਹੀਦਾ, ਜਿਵੇਂ ਕਿ ਚਿੱਟੀ ਸਿੰਘਪੁਰਾ ਕਤਲੇਆਮ ਤੋਂ ਬਾਅਦ ਮੁਕਾਬਲੇ ਦੇ ਨਾਂ 'ਤੇ 5 ਨਿਰਦੋਸ਼ ਕਸ਼ਮੀਰੀ ਮਜ਼ਦੂਰਾਂ ਦੀ ਜਾਨ ਲੈ ਲਈ ਗਈ ਸੀ।

ਸ ਗਿੱਲ ਨੇ ਬਿਆਨ ਵਿੱਚ ਭਾਰਤ ਦੀ ਜਨਤਾ ਨੂੰ ਅਪੀਲ ਕੀਤੀ ਗਈ ਹੈ ਕਿ ਸਾਨੂੰ ਇਸ ਦੁੱਖਦਾਈ ਵਾਰਦਾਤ ਦੀ ਆੜ ਵਿੱਚ ਫਿਰਕੂ ਭੜਕਾਹਟ ਫੈਲਾਉਣ ਵਾਲੇ ਫਾਸ਼ੀਵਾਦੀ ਤੱਤਾਂ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ। ਇਸ ਔਖੇ ਸਮੇਂ ਵਿੱਚ ਜ਼ਰੂਰੀ ਹੈ ਕਿ ਸਾਰੇ ਲੋਕ ਅਜਿਹੀਆਂ ਵੰਡੀਆਂ ਪੈਦਾ ਕਰਨ ਵਾਲੀਆਂ ਤਾਕਤਾਂ ਦੀ ਸਾਜ਼ਿਸ਼ ਨੂੰ ਇਕਜੁੱਟ ਹੋ ਕੇ ਨਾਕਾਮ ਕਰਨ।

## ਵੀਹ ਕੁ ਸਾਲਾਂ ਵਿੱਚ

ਅੱਜ ਪੱਤੀ ਪੱਤੀ ਹੋ ਕੇ ਰਹਿ ਗਿਆ ,
ਟਹਿਕਦਾ ਜਿਹੜਾ ਗੁਲਾਬ ਹੁੰਦਾ ਸੀ ।
ਕੱਲ੍ਹ ਜਿਸ ਦਾ ਅਣਖਾਂ ਇੱਜ਼ਤਾਂ ਵਾਲ਼ਾ ,
ਵੱਖਰਾ ਈ ਸਾਬ੍ਹ ਕਿਤਾਬ ਹੁੰਦਾ ਸੀ ।
ਬੱਸ ਵੀਹ ਪੱਚੀ ਕੁ ਸਾਲਾਂ ਵਿੱਚ ਹੀ ,
ਵੇਖ ਲਓ ਕੀ ਤੋਂ ਕੀ ਬਣ ਗਿਆ ;
ਜਿਹੜਾ ਜਾਗੋ ਕਢਦੀ ਮਾਮੀ ਵਰਗਾ,
ਰੰਗਲਾ ਜਿਹਾ ਪੰਜਾਬ ਹੁੰਦਾ ਸੀ ।



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ
ਸਭਾ ਧੂਰੀ ਜਿਲ੍ਹਾ ਸੰਗਰੂਰ।
9914836037

## ਜਿਹੜੇ ਲਾਹੌਰ ਭੈੜੇ, ਉਹ ਪਿਸ਼ੌਰ ਵੀ ਭੈੜੇ....

ਖਾੜਕੂਆਂ ਬੰਦੂਕਾਂ ਨਾਲ ਭੁੰਨ ਦਿੱਤੇ, ਵੱਖ ਵੱਖ ਰਾਜਾਂ ਤੋਂ ਆਏ, ਪਹਿਲਗਾਮ ਘੁੰਮਣ ਸੈਲਾਨੀ।ਤੜਫਦੇ ਰਹੇ ਵਿਚਾਰੇ,ਹੋਏ ਲਹੂ-ਲੁਹਾਣ, ਨਾਮ ਪੁੱਛ-ਪੁੱਛ ਕੇ, ਢੇਰ ਕੀਤੀ ਜ਼ਿੰਦਗਾਨੀ। ਮੋਦੀ ਸਾਬ੍ਹ ਦਾ, ਨਾਮ ਲੈ ਕੇ, ਗਲਤ ਸੀ ਬੋਲਦੇ। ਸ਼ਾਂਤ ਲਹਿਰਾਂ ਦੇ ਵਿੱਚ ਜ਼ਹਿਰ ਸੀ ਘੋਲਦੇ। ਖਾੜਕੂਆਂ ਦੀ ਕੌਮ ਹੀ ਐਸੀ, ਚੰਗੀ ਭਲੀ ਦੁਨੀਆਂ ਨੂੰ ਉਜਾੜਦੇ। ਸ਼ਾਂਤਮਈ ਲੋਕਾਂ ਦੇ, ਆਪਸੀ ਸੰਬੰਧ ਵਿਗਾੜਦੇ। ਗਾਜ਼ਾ ਪੱਟੀ ਵਾਲੇ, ਇਲਾਕੇ ਵਿੱਚ ਵੀ, ਇਹੀ ਹਾਲ ਹੁੰਦਾ। ਖਾੜਕੂ ਫਸਦੇ, ਆਪਣੇ ਹੀ ਸ਼ਿਕੰਜੇ ਵਿੱਚ, ਜਿਹੜਾ ਦੂਜਿਆਂ ਲਈ ਵਿਛਾਇਆ, ਉਨ੍ਹਾਂ ਨੇ ਜਾਲ ਹੁੰਦਾ।
ਨਿਰਦੋਸ਼ ਨਾਗਰਿਕਾਂ ਨੂੰ ਬਣਾਉਂਦੇ ਨਿਸ਼ਾਨਾ।ਸ਼ਨਾਖਤ ਕਰਦੇ, ਕੱਪੜੇ ਉਤਾਰ ਕੇ, ਮੁਸਲਿਮ ਹੈ ਜਾਂ ਬੇਗਾਨਾ। ਕਲਮਾ ਪੜਨਾ ਆਉਂਦਾ ਹੈ ਜਾਂ ਨਹੀਂ, ਪੂਰੀ ਕਰਦੇ ਪਹਿਚਾਣ। ਔਰਤਾਂ ਬੱਚਿਆਂ ਨੂੰ ਕੁਝ ਨ੍ਹੀਂ ਕਿਹਾ, ਮਰਦਾਂ ਦੀ ਲਈ ਜਾਨ। ਸਭ ਤੋਂ ਵੱਡੀ ਡੈਮੋਕਰੇਸੀ ਨੂੰ ਚਾਹੁੰਦੇ ਖਤਮ ਕਰਨਾ, ਕੱਟੜਾਂ ਦੀ ਈਰਖਾ ਦੀ ਨਿਸ਼ਾਨੀ। ਪਾਗਲਪਣ ਦਾ ਭੂਤ ਸਵਾਰ ਹੋਇਆ, ਮੂਰਖਤਾ ਵਿੱਚ ਨਾ ਇਨ੍ਹਾਂ ਦਾ ਕੋਈ ਸਾਨੀ। ਇਜ਼ਰ-ਾਇਲ ਦਾ ਪੀਐਮ ਨੇਤਨਯਾਹੂ ਤਾਂ ਇਨ੍ਹਾਂ ਨੂੰ "ਕੁੱਤੇ ਭੌਂਕਦੇ ਨੇ", ਦਾ ਲਕਬ ਦਿੰਦਾ। ਸਮਝੌਤੇ ਵਾਸਤੇ ਸ਼ਰਤਾਂ ਰੱਖਣ ਵੱਡੀਆਂ, ਮੁਕਰ ਜਾਂਦੇ, ਲੀਹ ਤੇ ਆਉਂਦੇ, ਜਦੋਂ ਸਮਾਂ ਸਬਕ ਦਿੰਦਾ।
ਮਾਰੇ ਗਏ 26 ਸਲਾਨੀਆਂ ਵਿੱਚੋਂ 15 ਸਨ ਮੁਸਲਮਾਨ। ਗੋਦੀ ਮੀਡੀਆ/ ਬੀਜੇਪੀ ਵਾਲਿਆਂ ਨਫਰਤ ਫੈਲਾਈ, ਹਿੰਦੂਆਂ ਦੇ ਭੜਕਾਏ ਅਰਮਾਨ। ਦੰਗੇ ਫੈਲਾਉਣ ਚ ਕੋਈ ਕਸਰ ਨ੍ਹੀਂ ਛੱਡੀ, ਕੈਸਾ ਹੈ ਮੇਰਾ, ਭਾਰਤ ਦੇਸ਼ ਮਹਾਨ ! ਸਮਝਦਾਰ ਬੰਦੇ ਹੀ ਰੋਕਦੇ, ਫੈਲ ਰਹੇ ਝੂਠ ਦਾ ਤੂਫਾਨ। ਸਿਆਸਤਦਾਨਾਂ ਨੇ ਮੌਕੇ ਦੀ, ਨਜਾਕਤ ਸਮਝੀ, ਉਹਨਾਂ ਦੀ ਚੁੱਪੀ, ਬਣੀ ਵਰਦਾਨ। ਇਸ ਦੁੱਖ ਦੀ ਘੜੀ ਵਿੱਚ, ਪੀੜਿਤ ਬੱਚਿਆਂ, ਮਾਂਵਾਂ ਵਾਸਤੇ ਲੰਗਰ ਲਾਇਆ। ਗੁਰੂਦੁਆਰਾ ਸੋਪੋਰ(ਜੇਐਂਡਕੇ) ਵਿਖੇ ਮੁਫਤ ਰਹਿਣ ਦਾ ਪ੍ਰਬੰਧ ਕਰਾਇਆ। ਇੱਕ ਹੋਰ ਘਟਨਾ ਵਿੱਚ,ਬਨੂੜ ਦੇ ਸੱਤ ਅੱਠ ਮੁੰਡਿਆਂ ਨੇ, ਹਾਊਸਫੈਡ ਕੰਪਲੈਕਸ ਵਿੱਚ, ਰਹਿੰਦੇ ਸੋਪੋਰ ਦੇ ਕਸ਼ਮੀਰੀ ਵਿਦਿਆਰਥੀ ਨੂੰ ਕੁੱਟ ਧਰਿਆ। ਦੂਜੇ ਕਸ਼ਮੀਰੀ ਵਿਦਿਆਰਥੀ ਨੇ ਵੀਡੀਓ ਭੇਜੀ,ਪਰ ਪੁਲਿਸ ਨੇ ਇਸ ਘਟਨਾ ਨੂੰ ਪੁਲਵਾਮਾ ਤੋਂ ਵੱਖਰੀ ਦੱਸ ਕੇ ਕੇਸ ਦਰਜ ਕਰਿਆ।



**ਅਮਰਜੀਤ ਸਿੰਘ ਤੂਰ**
**ਪਿੰਡ ਕੁਲਬੁਰਛਾਂਜ਼ਿਲਾ**
**ਪਟਿਆਲਾ ਹਾਲ-ਆਬਾਦ**
**#639/40ਏ ਚੰਡੀਗੜ੍ਹ।**
**ਫੋਨ**
**ਨੰਬਰ:9878469639**

## ਨਜ਼ਮ

ਕਸ਼ਮੀਰੀ ਦੀਆਂ ਪਹਾੜੀ ਵਾਦੀਆ
ਚਸ਼ਮੇ ਹੀ ਨਹੀਂ ਫੁਟਾਉਂਦੀਆਂ
ਬਰਫ਼ਾਂ ਲੱਦੀਆਂ, ਚਾਂਦੀ ਰੰਗੀਆਂ
ਹਵਾਵਾਂ ਹੀ ਨਹੀਂ ਮਹਿਕਾਉਂਦੀਆਂ
ਝੱਲਦੀਆਂ ਨੇ ਬੇ- ਇੰਤਾਹ ਤਸ਼ੱਦਦ
ਪਾਕਿ- ਚਾਂਦੀਆਂ ਰੰਗੀਆਂ
ਹੋ ਜਾਂਦੀਆਂ ਰੱਤ-ਰੰਗੀਆਂ
ਮਰਜਾਣੀਆਂ, ਇਹ ਕਿਸਮਤਾਂ ਮਾਰੀਆਂ ,
ਗੁਰਬਤ ਮਾਰੀਆਂ, ਸਰਕਾਰਾਂ ਦੁਰਕਾਰੀਆਂ !
ਫਿਰ ਵੀ ਜਾਂਬਾਜ਼ ਸੂਰੇ ਜੰਮਦੀਆਂ
ਸੂਰੇ ਸਯੀਅਦ ਹੁਸੈਨ ਸ਼ਾਹ ਜਿਹੇ
ਕਦ ਆਮ ਨੇ ਮਾਵਾਂ ਜੰਮਦੀਆਂ
ਜਦ ਆਹਡਾ ਲੈ ਲੈਂਦੇ
ਸਹਿਮਦੀਆਂ ਗੋਲੀਆਂ ,ਛੁਰੀਆਂ ਬੰਬ ਦੀਆਂ
ਜਦ ਵੀ ਛਾਤੀ ਤਣਦੇ ,
ਅੱਗੇ ਦਹਿਸ਼ਤੀ ਫਣ ਦੇ
ਸੰਗੀਨਾਂ ਥਰ ਥਰ ਕੰਬਦੀਆਂ
"ਬਾਲੀ " ਚਾਲਾਂ ਸਾਜ਼ਿਸ਼ ਹੰਬਦੀਆਂ!!



**ਬਲਜਿੰਦਰ ਸਿੰਘ " ਬਾਲੀ ਰੇਤਗੜ੍ਹ "**
**9465129168**

## ਚਿੰਤਾ

ਲਗਦੇ ਰੱਬ ਨੂੰ ਢਾਹ ਕੇ ਦੁਨੀਆਂ,
ਫਿਰ ਬਣਾਉਣੀ ਪੈਂਣੀ ਏਂ।
ਸੀਨਾ ਧਰਤੀ ਦਾ ਛਲਣੀ ਕੀਤਾ,
ਨਾਲ ਬੋਰਾਂ ਕਾਸ਼ਤਕਾਰਾਂ ਨੇ।
ਪਹਾੜਾਂ ਦੀਆਂ ਨੀਹਾਂ ਪੁੱਟੀਆਂ,
ਸੜਕਾਂ ਲਈ ਸਰਕਾਰਾਂ ਨੇ।
ਕੁਦਰਤ ਦੀ ਪ੍ਰਵਾਹ ਨੀ ਕਿਸੇ ਨੂੰ,
ਕਰਨ ਲਈ ਐਸ਼ ਬਹਾਰਾਂ ਨੇ।
ਖੋਦ ਪਹਾੜ ਸੁਰੰਗਾਂ ਕੱਢੀਆਂ,
ਚੱਲਣ ਦੇ ਲਈ ਕਾਰਾਂ ਨੇ।
ਕਾਦਰ ਨੇ ਜਦੋਂ ਦਿੱਤਾ ਹਲੂਣਾ,
ਫਿਰ ਹੱਥਾਂ ਪੈਰਾਂ ਦੀ ਪੈਣੀ ਏਂ।
ਲਗਦੇ ਰੱਬ ਨੂੰ ਢਾਹ ਕੇ ਦੁਨੀਆਂ,
ਫਿਰ ਬਣਾਉਣੀ ਪੈਂਣੀ ਏ।
ਜੰਗਲ ਬੇਲੇ ਰਹਿਣ ਨੀ ਦਿੱਤੇ,
ਹਾਈਵੇਆਂ ਦੀ ਭੇਟ ਚੜੇ।
ਬੋਹੜ ਪਿੱਪਲ ਨਾ ਨਿੰਮਾਂ ਕਿੱਕਰਾਂ,
ਦਿਸਦੇ ਨਹੀਂ ਕਿਤੇ ਖੜ੍ਹੇ।
ਅੰਬ ਜਾਮਣ ਨਾ ਬੇਰ ਫਲਾਹੀਆਂ,
ਸਭ ਸੁਪਨੇ ਹੋ ਗਏ ਨੇ।
ਸਰੀਹ, ਤੂਤ, ਨਸੂੜੇ, ਕੈਮਰੀ,
ਸਾਰੇ ਕਿਧਰੇ ਖੋ ਗਏ ਨੇ।
ਨਵੀਂ ਬਣੀ ਤੇ ਦੁਨੀਆਂ ਉਪਰ,
ਇਹ ਸਭ ਲਾਉਣੀ ਪੈਂਣੀ ਏਂ।
ਲਗਦੇ ਰੱਬ ਨੂੰ ਢਾਹ ਕੇ ਦੁਨੀਆਂ,
ਫਿਰ ਬਣਾਉਣੀ ਪੈਂਣੀ ਏਂ।
ਲਗਦੇ ਰੱਬ ਨੂੰ.......



**ਇੰਜ: ਨਾਹਰ ਸਿੰਘ**
**ਲੁਧਿਆਣਾ**
**98729-24299**



## ਨਫ਼ਰਤ ਦਾ ਬਾਜ਼ਾਰ ਗਰਮ ਹੈ!

ਹਾਏ ! ਨਫ਼ਰਤ ਦਾ,ਬਾਜ਼ਾਰ ਗਰਮ ਹੈ ।
ਝੁਕਿਆ ਸਿਰ ਮੇਰਾ, ਨਾਲ ਸ਼ਰਮ ਹੈ।
ਨਾ ਪੁੱਛ ਕੇ ਅਸੀਂ ਕੋਹ ਨਹੀਂ ਸਕਦੇ,
ਇਹ ਤਾਂ ਕੋਈ ਹੋਰ ਧਰਮ ਹੈ।

ਧਰਮ ਪੁੱਛ ਕੇ, ਗਰਦਨ ਕੱਟੇਂ।
ਲਿੰਗ ਭੇਦ, ਬੇੜੀ ਵਿੱਚ ਵੱਟੇ।
ਸੋਚੀਂ ਪਈ, ਮਨੁੱਖਤਾ ਸਾਰੀ,
ਤੇਰਾ ਦੀਨ, ਈਮਾਨ ਖ਼ਤਮ ਹੈ।
ਝੁਕਿਆ ਸਿਰ ਮੇਰਾ, ਨਾਲ ਸ਼ਰਮ ਹੈ।

ਪਤਾ ਨਹੀਂ ਤੂੰ, ਕਿੱਥੋਂ ਪੜ੍ਹਿਆ।
ਨਾ ਤੂੰ ਰੱਬ ਦੇ ,ਇਸ਼ਕ ਵਿਚ ਰੜ੍ਹਿਆ।
ਦੇਖ ਕੇ ਮੱਥਾ,ਟਿੱਕਾ ਲਾਵੇਂ,
ਕੈਸਾ "ਲਾਲੋ ਲਾਲ" ਧਰਮ ਹੈ!
ਝੁਕਿਆ ਸਿਰ ਮੇਰਾ, ਨਾਲ ਸ਼ਰਮ ਹੈ।

"ਜੱਸੀ "ਮੁਹੰਮਦ,ਖ਼ੁਸ਼ ਨਹੀਂ ਕੋਈ,
ਨਾ ਬੁੱਲਾ, ਨਾ ਹਾਸ਼ਮ ਕੋਈ,
ਮੁਕਬਲ,ਵਾਰਸ,ਫ਼ਰੀਦ ਨੇ ਰੋਂਦੇ,
ਨਹੀਂ ਨਹੀਂ ਸਾਡਾ,ਇਹ ਨਾ ਧਰਮ ਹੈ।
ਝੁਕਿਆ ਸਿਰ ਮੇਰਾ ਨਾਲ ਸ਼ਰਮ ਹੈ।

ਨਾਂ ਪੁੱਛ ਕੇ ਅਸੀਂ, ਕੋਹ ਨਹੀਂ ਸਕਦੇ,
ਇਹ ਤਾਂ ਕੋਈ, ਹੋਰ ਧਰਮ ਹੈ।
ਝੁਕਿਆ ਸਿਰ ਮੇਰਾ, ਨਾਲ ਸ਼ਰਮ ਹੈ।

**ਜਸਪਾਲ ਜੱਸੀ**





# ਮਲੇਰੀਆ ਤੋਂ ਬਚਣ ਦੇ ਉਪਾਅ ਬਾਰੇ ਜਾਗਰੂਕ ਕੀਤਾ

**ਸੰਗਰੂਰ।** ਸਿਵਲ ਸਰਜਨ ਡਾਕਟਰ ਸੰਜੇ ਕਾਮਰਾ ਜੀ ਦੇ ਹੁਕਮਾਂ ਅਤੇ ਕਾਰਜਕਾਰੀ ਸੀਨੀਅਰ ਮੈਡੀਕਲ ਅਫਸਰ ਡਾਕਟਰ ਮਨੀਤਾ ਬਾਂਸਲ ਜੀ ,ਜਿਲ੍ਹਾ ਐਪੀਡੀਮੈਲੋਜਿਸਟ ਡਾਕਟਰ ਉਪਾਸਨਾ ਬਿੰਦਰਾ ਜੀ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਹੈਲਥ ਸੁਪਰਵਾਈਜ਼ਰ ਬਲਕਾਰ ਸਿੰਘ ਸੋਹੀ ਜੀ,ਚਮਕੌਰ ਸਿੰਘ ਜੀ ਦੀ ਅਗਵਾਈ ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਾਲੀਆਂ ਵਿਖੇ ਪ੍ਰਿੰਸੀਪਲ ਹਰਦੇਵ ਕੁਮਾਰ ਭਲਵਾਨ ਜੀ ਦੀ ਹਾਜ਼ਰੀ ਵਿੱਚ ਸਕੂਲ ਦੇ ਬੱਚਿਆਂ ਨੂੰ ਵਿਸ਼ਵ ਮਲੇਰੀਆ ਦਿਵਸ ਤਹਿਤ ਮਲੇਰੀਆ ਤੋਂ ਬਚਣ ਦੇ ਉਪਾਅ, ਲੱਛਣ ਮਲੇਰੀਆ ਮੱਛਰ ਦੇ ਸਰੋਤ ਅਤੇ ਸਰਕਾਰੀ ਹਸਪਤਾਲਾਂ ਵਿੱਚ ਹੋ ਰਹੇ ਇਸ ਦੇ ਮੁਫ਼ਤ ਟੈਸਟ ਅਤੇ ਇਲਾਜ ਬਾਰੇ ਸੰਖੇਪ ਜਾਣਕਾਰੀ ਦਿੱਤੀ ਗਈ ਵਿਸ਼ਵ ਮਲੇਰੀਆ ਦਿਵਸ ਮਨਾਉਣ ਸਮੇਂ ਸਿਹਤ ਕਰਮਚਾਰੀ ਮਨਜਿੰਦਰ ਸਿੰਘ, ਰਵਿੰਦਰ ਸਿੰਘ ਇੰਦਰਜੀਤ ਸਿੰਘ, ਸਰਬਜੀਤ ਸਿੰਘ, ਅਤੇ ਸਕੂਲ ਦਾ ਸਟਾਫ





ਮੌਜੂਦ ਸੀ ਬੱਚਿਆਂ ਨੂੰ ਇਹ ਜਾਣਕਾਰੀ ਵੱਧ ਤੋਂ ਵੱਧ ਫੈਲਾਉਣ ਲਈ ਕਿਹਾ ਗਿਆ ਲਇਸ ਐਕਟੀਵਿਟੀ ਨੂੰ ਕਰਵਾਉਣ ਦਾ ਮੰਤਵ ਡੇਂਗੂ ਅਤੇ ਮਲੇਰੀਆ ਬੁਖਾਰ ਤੋਂ ਬਚਾਅ ਸਬੰਧੀ ਜਾਗਰੂਕ ਕਰਨਾ ਹੈ। ਐਕਟੀਵਿਟੀ ਰਾਹੀਂ ਦੱਸਿਆ ਗਿਆ ਕਿ ਡੇਂਗੂ ਅਤੇ ਮਲੇਰੀਆ ਕਾਰਨ ਤੇਜ ਬੁਖਾਰ ਮਾਸਪੇਸ਼ੀਆਂ ਵਿਚ ਤੇਜ ਦਰਦ ਚਮੜੀ ਤੇ ਲਾਲ ਦਾਣੇ ਅਤੇ ਗੰਭੀਰ ਸਥਿਤੀ ਵਿੱਚ ਮਸੂੜੇ ਵਿਚੋਂ ਖ਼ੂਨ ਆਉਣਾ ਇਸਦੇ ਲੱਛਣ ਹਨ। ਅਜਿਹੀ ਸਥਿਤੀ ਵਿੱਚ ਨੇੜੇ ਦੀ ਸਰਕਾਰੀ ਸਿਹਤ ਸੰਸਥਾ ਜਾਂ ਹਸਪਤਾਲ ਨਾਲ ਸੰਪਰਕ ਕੀਤਾ ਜਾਵੇ। ਖੜੇ ਪਾਣੀ ਨੂੰ ਹਫਤੇ ਵਿੱਚ ਇੱਕ ਵਾਰ ਜਰੂਰ ਸਾਫ ਕਰੋ, ਪੂਰੀ ਬਾਹਵਾਂ ਦੇ ਕੱਪੜੇ ਪਹਿਨੋ, ਮੱਛਰ ਦਾਨੀ ਅਤੇ ਮੱਛਰ ਵਾਲੀ ਕਰੀਮ ਵਰਤੋ। ਬੁਖਾਰ ਹੋਣ ਤੇ ਸਿਰਫ ਪੈਰਾਸਿਟਾਮੋਲ ਵਰਤੋ। ਟੁੱਟੇ ਬਰਤਨ, ਡ੍ਰਮ, ਟਾਇਰ ,ਖੁੱਲ੍ਹੇ ਵਿੱਚ ਨਾਂ ਰੱਖੋ। ਪਾਣੀ ਅਤੇ ਤਰਲ ਚੀਜ਼ਾਂ ਜਿਆਦਾ ਪੀਓ ਅਤੇ ਆਰਾਮ ਕਰੋ। ਇਸ ਦੌਰਾਨ ਪੈਂਫਲੈਂਟ ਵੀ ਵੰਡੇ ਗਏ।

**ਮਾਸਟਰ ਪਰਮਵੇਦ**
**ਸੰਗਰੂਰ ( ਪੰਜਾਬ)**
**9417422349**

# ਬਲਾਕ ਬਚਾਓ ਸੰਘਰਸ਼ ਕਮੇਟੀ ਵੱਲੋਂ ਐਸ ਡੀ ਐਮ ਨਕੋਦਰ ਨੂੰ ਮੰਗ ਪੱਤਰ ਸੌਂਪਿਆ

## ਤਿੱਖੇ ਸੰਘਰਸ਼ ਦੀ ਚਿਤਾਵਨੀ

**ਨਕੋਦਰ (ਹਰਜਿੰਦਰ ਸਿੰਘ ਚੰਦੀ)–** ਬਲਾਕ ਮਹਿਤਪੁਰ ਨੂੰ ਬਲਾਕ ਸ਼ਾਹਕੋਟ ਵਿਚ ਮਰਜ਼ ਕਰਨ ਦੀਆਂ ਉਠ ਰਹੀਆਂ ਅਵਾਜ਼ਾਂ ਦੇ ਵਿਰੁੱਧ ਇਕਜੁੱਟ ਹੋਈਆਂ ਕਿਸਾਨ, ਮਜ਼ਦੂਰ ਜਥੇਬੰਦੀਆਂ ਵੱਲੋਂ ਤਤਕਾਲ ਵਿਚ ਕੀਤੀ ਹੰਗਾਮੀ ਮੀਟਿੰਗ ਤੋਂ ਬਾਅਦ ਬਣਾਈ ਗਿਆਰਾਂ ਮੈਂਬਰੀ ਬਲਾਕ ਬਚਾਓ ਸੰਘਰਸ਼ ਕਮੇਟੀ ਵੱਲੋਂ ਪੰਜਾਬ ਸਰਕਾਰ ਦੇ ਨਾਮ ਇਕ ਮੰਗ ਪੱਤਰ ਐਸ ਡੀ ਐਮ ਨਕੋਦਰ ਨੂੰ ਸੋਂਪਿਆ। ਇਸ ਮੌਕੇ ਗਲਬਾਤ ਕਰਦਿਆਂ ਸੰਘਰਸ਼ ਕਮੇਟੀ ਦੇ ਆਗੂਆਂ ਨੇ ਕਿਹਾ ਕਿ ਅਸੀਂ ਮੰਗ ਕਰਦੇ ਹਾਂ ਕਿ ਮਹਿਤਪੁਰ ਬਲਾਕ ਬੀ ਡੀ ਪੀ ਓ ਦਫਤਰ ਨੂੰ ਮਹਿਤਪੁਰ ਤੋਂ ਸ਼ਾਹਕੋਟ ਤਬਦੀਲ ਨਾ ਕੀਤਾ ਜਾਵੇਂ ਉਨ੍ਹਾਂ ਕਿਹਾ ਕਿ ਸਾਨੂੰ ਭਰੋਸੈ ਜੋਗ ਵਸੀਲਿਆਂ ਤੋਂ ਜਾਣਕਾਰੀ ਮਿਲੀ ਹੈ ਕਿ ਮਹਿਤਪੁਰ ਬਲਾਕ ਦਾ ਬੀ ਡੀ ਪੀ ਓ ਦਫ਼ਤਰ ਨੂੰ ਸ਼ਾਹਕੋਟ ਬਲਾਕ ਵਿੱਚ ਤਬਦੀਲ ਕੀਤਾ ਜਾ ਰਿਹਾ



ਹੈ ਜੋ ਸਾਡੇ ਬਲਾਕ ਮਹਿਤਪੁਰ ਲਈ ਮੰਦਭਾਗਾ ਹੈ ਉਨ੍ਹਾਂ ਕਿਹਾ ਕਿ ਮਹਿਤਪੁਰ ਬਲਾਕ ਦੇ ਪਿੰਡਾਂ ਨੂੰ ਸ਼ਾਹਕੋਟ ਵਿਖੇ ਜਾਣ ਲਈ ਬਹੁਤ ਮੁਸ਼ਕਲ ਆਵੇਗੀ ਇਸ ਲਈ ਮਹਿਤਪੁਰ ਦੀਆਂ ਸਾਰੀਆਂ ਕਿਸਾਨ, ਮਜ਼ਦੂਰ ਜਥੇਬੰਦੀਆਂ ਅਤੇ ਪਿੰਡਾਂ ਦੇ ਸਰਪੰਚਾਂ, ਪੰਚਾਂ ਅਤੇ ਇਲਾਕੇ ਲੋਕਾਂ ਵੱਲੋਂ ਕੀਤੇ ਭਰਵੇਂ ਇਕੱਠ ਵਿਚ ਇਹ ਫੈਸਲਾ ਲਿਆ ਗਿਆ ਹੈ ਕਿ ਹਰ ਹਲਾਤ ਵਿਚ ਬਲਾਕ ਮਹਿਤਪੁਰ ਦੀਆਂ ਸੇਵਾਵਾਂ ਬਹਾਲ ਰੱਖੀਆਂ ਜਾਣਗੀਆਂ। ਜੇਕਰ ਭਵਿੱਖ ਵਿਚ ਬਲਾਕ ਮਹਿਤਪੁਰ ਨੂੰ ਲੈ ਕੇ ਕੋਈ ਲੋਕ ਮਾਰੂ ਫੈਸਲਾ ਕੀਤਾ ਗਿਆ ਤਾ ਸਰਕਾਰ ਦੀ ਇਸ ਜ਼ਬਰਦਸਤੀ ਵਿਰੁੱਧ ਜਨਤਾ ਸ਼ੰਘਰਸ਼ ਕਰਨ ਲਈ ਮਜਬੂਰ ਹੋਵਾਂਗੀ ਜਿਸ ਦੀ ਸਾਰੀ ਜੁੰਮੇਵਾਰੀ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਦੀ ਹੋਵੇਗੀ ਇਸ ਮੌਕੇ ਜਥੇਦਾਰ ਕਸ਼ਮੀਰ ਸਿੰਘ ਪੰਨੂ ਤੰਦਾਉਰਾ, ਨਰਿੰਦਰ ਸਿੰਘ ਉਧੋਵਾਲ, ਕੁਲਜੀਤ ਸਿੰਘ ਸਲੇਮਾ, ਸੁਰਜੀਤ ਸਿੰਘ ਸਰਪੰਚ ਸਲੇਮਾ, ਪਲਵਿੰਦਰ ਸਿੰਘ ਚੀਮਾ ,ਗੁਰਦੀਪ ਸਿੰਘ ਮੁਨੀਮ, ਕਸ਼ਮੀਰ ਸਿੰਘ ਮੰਡਿਆਲਾ ,ਰਾਜ਼ ਪਾਲ, ਵਿਜੇ ਪਾਲ, ਪੰਮਾ, ਅਮਰਜੀਤ, ਨਵਜੋਤ ਸਿਆਣੀ ਵਾਲ, ਸੁਖਦੇਵ ,ਜਸਵੀਰ ਸਿੰਘ ਆਦਿ ਆਗੂ ਹਾਜ਼ਰ ਸਨ।

# ਤਰਕਸ਼ੀਲ ਸੁਸਾਇਟੀ ਪੰਜਾਬ ਨੇ ਪਹਿਲਗਾਮ ਅੱਤਵਾਦੀ ਘਟਨਾ ਦੀ ਕੀਤੀ ਸਖ਼ਤ ਨਿਖੇਧੀ

**●ਸੈਲਾਨੀਆਂ ਦੀ ਸੁਰੱਖਿਆ ‘ਚ ਕੋਤਾਹੀ ਲਈ ਕੇਂਦਰ ਦੀ ਭਾਜਪਾ ਸਰਕਾਰ ਜੁੰਮੇਵਾਰ ●ਹਮਲੇ ਦੀ ਸੁਪਰੀਮ ਕੋਰਟ ਤੋਂ ਨਿਆਂਇਕ ਜਾਂਚ ਕਰਵਾਉਣ ਦੀ ਕੀਤੀ ਮੰਗ**

**ਬਰਨਾਲਾ।** ਤਰਕਸ਼ੀਲ ਸੁਸਾਇਟੀ ਪੰਜਾਬ ਨੇ ਕਸ਼ਮੀਰ ਵਾਦੀ ਦੇ ਕਸਬੇ ਪਹਿਲਗਾਮ ਵਿੱਚ 27 ਸੈਲਾਨੀਆਂ ਨੂੰ ਕਤਲ ਕਰਨ ਦੀ ਦਹਿਸ਼ਤੀ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕਰਨ ਅਤੇ ਇਸਨੂੰ ਭਾਈਚਾਰਕ ਸਾਂਝ ਤੋੜਨ ਦੀ ਇਕ ਗਹਿਰੀ ਸਿਆਸੀ ਸਾਜਿਸ਼ ਕਰਾਰ ਦਿੰਦਿਆਂ ਸੁਪਰੀਮ ਕੋਰਟ ਦੇ ਜੱਜ ਤੋਂ ਨਿਆਂਇਕ ਜਾਂਚ ਕਰਵਾਉਣ ਦੀ ਜ਼ੋਰਦ-ਾਰ ਮੰਗ ਕੀਤੀ ਹੈ। ਸੁਸਾਇਟੀ ਨੇ ਸੈਲਾਨੀਆਂ ਦੀ ਸੁਰੱਖਿਆ ਚ ਵੱਡੀ ਕੋਤਾਹੀ ਲਈ ਮੋਦੀ ਸਰਕਾਰ ਅਤੇ ਇਸਦੀਆਂ ਖੁਫ਼ੀਆ ਏਜੰਸੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ।ਸੁਸਾਇਟੀ ਦੇ ਮੁੱਖ ਦਫਤਰ ਤਰਕਸ਼ੀਲ ਭਵਨ ਤੋਂ ਜਾਰੀ ਇੱਕ ਪ੍ਰੈੱਸ ਬਿਆਨ ਰਾਹੀਂ ਪੀੜਤ ਪਰਿਵਾਰਾਂ ਨਾਲ ਗਹਿਰਾ ਦੁੱਖ ਪ੍ਰਗਟ ਕਰਦਿਆਂ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਕਮੇਟੀ ਆਗੂਆਂ ਮਾਸਟਰ ਰਾਜਿੰਦਰ ਭਦੌੜ, ਹੇਮ ਰਾਜ ਸਟੈਨੋਂ, ਰਾਜੇਸ਼ ਅਕਲੀਆ, ਰਾਜਪਾਲ ਬਠਿੰਡਾ ਅਤੇ ਸੁਮੀਤ ਅੰਮ੍ਰਿਤਸਰ ਨੇ ਕਿਹਾ ਕਿ ਇਹ ਫਿਰਕੂ ਕਤਲੇਆਮ ਮਹਿਜ ਅੱਤਵਾਦ ਦੀ ਘਟਨਾ ਨਹੀਂ ਬਲਕਿ ਕਸ਼ਮੀਰ ਦੇ ਲੋਕਾਂ ਦੀ ਆਰਥਿਕਤਾ ਤੇ ਅਮਨ ਸ਼ਾਂਤੀ ਦੇ ਮਾਹੌਲ ਨੂੰ ਬਰਬਾਦ ਕਰਨ ਅਤੇ ਦੇਸ਼ ਵਿੱਚ ਵੱਡੀ ਪੱਧਰ ਤੇ ਹਿੰਦੂ ਮੁਸਲਿਮ ਫਿਰਕੂ ਦੰਗੇ ਫ਼ਸਾਦ ਕਰਵਾਉਣ ਦੀ ਇਕ ਗਿਣੀ ਮਿੱਥੀ ਸਿਆਸੀ ਸਾਜਿਸ਼ ਹੈ ਜਿਸਦਾ ਵੱਡੇ ਪੱਧਰ ਤੇ ਪਰਦਾਫਾਸ਼ ਕਰਕੇ ਵਿਰੋਧ ਕਰਨ ਦੀ ਲੋੜ ਹੈ। ਤਰਕਸ਼ੀਲ ਆਗੂਆਂ ਨੇ ਦੋਸ਼ ਲਾਇਆ ਕਿ ਮੋਦੀ ਹਕੂਮਤ ਵੱਲੋਂ




ਜੰਮੂ ਕਸ਼ਮੀਰ ਵਿੱਚ ਗ਼ੈਰ ਸੰਵਿਧਾਨਕ ਢੰਗ ਨਾਲ ਧਾਰਾ 370 ਦਾ ਖਾਤਮਾ ਕਰਨ ਉਪਰੰਤ ਰਾਜ ਦਾ ਦਰਜਾ ਖੋਹ ਕੇ ਇਸਦੇ ਤਿੰਨ ਹਿੱਸੇ ਕਰਨ ਅਤੇ ਇਸ ਤਾਨਾਸ਼ਾਹੀ ਫੈਸਲੇ ਦਾ ਵਿਰੋਧ ਕਰਨ ਵਾਲੇ ਕਸ਼ਮੀਰੀ ਆਗੂਆਂ ਨੂੰ ਸਾਲਾਂ ਬੱਧੀ ਜੇਲ੍ਹਾਂ ਵਿੱਚ ਡੱਕਣ ਤੋਂ ਇਲਾਵਾ ਇਸੇ ਮਹੀਨੇ ਵਕਫ਼ ਸੋਧ ਕਾਨੂੰਨ ਧੱਕੇ ਨਾਲ ਲਾਗੂ ਕਰਨ ਦੇ ਫਾਸ਼ੀਵਾਦੀ ਫੈਸਲਿਆਂ ਨੇ ਕਸ਼ਮੀਰ ਦੇ ਲੋਕਾਂ ਅਤੇ ਖਾਸ ਕਰਕੇ ਮੁਸਲਮਾਨਾਂ ਵਿੱਚ ਭਾਰਤੀ ਹਕੂਮਤ ਪ੍ਰਤੀ ਬੇਗਾਨਗੀ ਦਾ ਅਹਿਸਾਸ ਹੋਰ ਡੂੰਘਾ ਕੀਤਾ ਹੈ ਅਤੇ ਪਹਿਲਗਾਮ ਵਰਗੇ ਦਹਿਸ਼ਤੀ ਹਮਲੇ ਭਾਜਪਾ - ਆਰਐੱਸਐੱਸ ਦੇ ਮੁਸਲਿਮ ਵਿਰੋਧੀ ਜ਼ਬਰ ਦਾ ਹੀ ਨਤੀਜਾ ਹਨ। ਤਰਕਸ਼ੀਲ ਆਗੂਆਂ ਨੇ ਸਪੱਸ਼ਟ ਕੀਤਾ ਕਿ ਸੰਨ 2000 ਵਿੱਚ ਅਮਰੀਕਾ ਦੇ ਰਾਸ਼ਟਰਪਤੀ ਬਿਲ ਕਲਿੰਟਨ ਦੀ ਭਾਰਤ ਫੇਰੀ ਮੌਕੇ ਕਸ਼ਮੀਰ ਦੇ ਚਿੱਟੀ ਸਿੰਗਪੁਰਾ ਵਿਖੇ 35 ਸਿੱਖਾਂ ਦਾ ਕਤਲ ਅਤੇ ਹੁਣ ਅਮਰੀਕਨ ਉਪ ਰਾਸ਼ਟਰਪਤੀ ਦੀ ਭਾਰਤ ਫੇਰੀ ਮੌਕੇ 27 ਹਿੰਦੂ ਸੈਲਾਨੀਆਂ ਦਾ ਕਤਲੇਆਮ ਮਹਿਜ ਕੋਈ ਇਤਫ਼ਾਕ ਨਹੀਂ ਬਲਕਿ ਫਿਰਕੂ ਰਾਜਨੀਤੀ ਹੇਠ ਸੱਤਾ ਤੇ ਕਾਬਜ ਹੋਣ ਵਾਲੀਆਂ ਫਾਸ਼ੀਵਾਦੀ ਤਾਕਤਾਂ ਦੀ ਸੋਚੀ ਸਮਝੀ ਸਾਜ਼ਿਸ਼ ਹੈ ਤਾਂ ਕਿ ਕਸ਼ਮੀਰ ਦੇ ਲੋਕਾਂ ਦੀ ਜਮਹੂਰੀ ਆਜ਼ਾਦੀ ਦੇ ਸੰਘਰਸ਼ ਨੂੰ ਦਹਿਸ਼ਤਗਰਦੀ ਅਤੇ ਦੇਸ਼ ਧ੍ਰੋਹ ਸਿੱਧ ਕਰਕੇ ਉਨ੍ਹਾਂ ਉੱਤੇ ਹਕੂਮਤੀ ਜ਼ਬਰ ਹੋਰ ਤੇਜ਼ ਕੀਤਾ ਜਾ ਸਕੇ।

ਤਰਕਸ਼ੀਲ ਆਗੂਆਂ ਨੇ ਆਮ ਲੋਕਾਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਭਾਜਪਾ ਸੰਘ ਵੱਲੋਂ ਆਮ ਲੋਕਾਂ ਦਾ ਧਿਆਨ ਸਿੱਖਿਆ,ਸਿਹਤ,ਰੁਜ਼ਗਾਰ ਦੇ ਅਹਿਮ ਮਸਲਿਆਂ ਤੋਂ ਪਾਸੇ ਹਟਾਉਣ ਲਈ ਮੁਸਲਮਾਨਾਂ ਸਮੇਤ ਹੋਰਨਾਂ ਘੱਟ ਗਿਣਤੀਆਂ ਨੂੰ ਅੱਤਵਾਦੀ ਗਰਦਾਨ ਕੇ ਉਨ੍ਹਾਂ ਖਿਲਾਫ ਦੇਸ਼ ਦੁਨੀਆਂ ਅੰਦਰ ਫ਼ਿਰਕੂ ਨਫ਼ਰਤ ਦਾ ਮਾਹੌਲ ਸਿਰਜਿਆ ਜਾ ਰਿਹਾ ਹੈ ਜਿਸਦੇ ਵਿਰੋਧ ਵਿੱਚ ਸਮੂਹ ਜਮਹੂਰੀ ਤਾਕਤਾਂ ਅਤੇ ਚੇਤਨ ਲੋਕਾਂ ਨੂੰ ਆਵਾਜ਼ ਬੁਲੰਦ ਕਰਨ ਦੀ ਲੋੜ ਹੈ।

**ਸੁਮੀਤ ਅੰਮ੍ਰਿਤਸਰ**
**(ਸੂਬਾਈ ਮੀਡੀਆ ਮੁਖੀ)**
**ਤਰਕਸ਼ੀਲ ਸੁਸਾਇਟੀ ਪੰਜਾਬ**
**7696030173**

# ਪ੍ਰੋ.ਜਗਮੋਹਨ ਸਿੰਘ ਵਲੋਂ ਸਵਿਤਰੀ ਬਾਈ ਫੂਲੇ ਦੇ ਬੁੱਤ ਦਾ ਉਦਘਾਟਨ

## ਸਿੱਖਿਆ ਅਤੇ ਸੰਘਰਸ਼ ਦੀ ਪ੍ਰੇਰਨਾ ਲੈਣ ਦਾ ਦਿੱਤਾ ਸੱਦਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਅੱਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਰੀਹਾ ਵਿਖੇ ਸ਼ਹਦ-ਏ-ਆਜ਼ਮ ਸ. ਭਗਤ ਸਿੰਘ ਦੇ ਭਾਣਜੇ ਅਤੇ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਪ੍ਰੋ.ਜਗਮੋਹਨ ਸਿੰਘ ਵਲੋਂ ਭਾਰਤ ਵਿਚ ਔਰਤਾਂ ਲਈ ਸਿੱਖਿਆ ਕ੍ਰਾਂਤੀ ਦੀ ਜਨਮਦਾਤੀ ਸਵਿਤਰੀ ਬਾਈ ਫੂਲੇ ਦੇ ਬੁੱਤ ਦਾ ਉਦਘਾਟਨ ਕੀਤਾ।ਇੱਥੇ ਵਰਨਣਯੋਗ ਹੈ ਕਿ ਇਹ ਬੁੱਤ ਸਕੂਲ ਦੇ ਸਟਾਫ਼ ਵਲੋਂ ਲਾਇਆ ਗਿਆ। ਉਦਘਾਟਨ ਉਪਰੰਤ ਸਕੂਲ ਦੇ ਹਾਲ ਵਿਚ ਸਵਿਤਰੀ ਬਾਈ ਫੂਲੇ ਨੂੰ ਸਮਰਪਿਤ ਸਮਾਗਮ ਕੀਤਾ ਗਿਆ ਜਿਸਦੀ ਪ੍ਰਧਾਨਗੀ ਸਕੂਲ ਪ੍ਰਿੰਸੀਪਲ ਰਣਜੀਤ ਕੌਰ, ਪਿੰਡ ਕਰੀਹਾ ਦੇ ਸਰਪੰਚ ਪਿੰਕੀ ਜੱਸਲ,ਜਿਲਾ ਸਿੱਖਿਆ ਅਫਸਰ(ਸੇਵਾ ਮੁਕਤ)





ਸ਼੍ਰੀ ਦਿਨੇਸ਼ ਕੁਮਾਰ ਕਰੀਹਾ, ਸਰਬਜੀਤ ਸਿੰਘ ਦੁਸਾਂਝ, ਨੰਬਰਦਾਰ ਬਲਰਾਜ ਸਿੰਘ, ਮਹਿੰਦਰ ਸਿੰਘ ਅਤੇ ਜਸਬੀਰ ਦੀਪ ਨੇ ਕੀਤੀ।ਸ਼ੁਰੂਆਤ ਵਿਚ ਪਹਿਲਗਾਮ ਦੇ ਮ੍ਰਿਤਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।ਸਵਾਗਤੀ ਸ਼ਬਦ ਮੈਡਮ ਰਜਨੀ ਸ਼ਰਮਾ ਨੇ ਆਖੇ। ਇਸ ਮੌਕੇ ਜੁੜੇ ਸਟਾਫ,ਪਿੰਡ ਵਾਸੀ ਅਤੇ ਵਿਦਿਆਰਥੀਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਪ੍ਰੋ.ਜਗਮੋਹਨ ਸਿੰਘ ਨੇ ਕਿਹਾ ਕਿ ਕਿ ਸਵਿਤਰੀ ਬਾਈ ਫੂਲੇ ਨੇ ਭਾਰਤੀ ਔਰਤਾਂ ਨੂੰ ਅਸਮਾਨ ਛੋਹਣ ਲਈ ਖੰਭ ਦਿੱਤੇ ਉਹ ਵੀ ਉਸ ਸਮੇਂ ਜਦੋਂ ਲੜਕੀ ਜੰਮਣ ਉੱਤੇ ਘਰ ਵਿਚ ਮਾਤਮ ਵਰਗੀ ਚੁੱਪ ਛਾ ਜਾਂਦੀ ਸੀ। ਉਹ ਅਜਿਹਾ ਸਮਾਂ ਸੀ ਜਦੋਂ ਆਮ ਆਦਮੀ ਨੂੰ ਵੀ ਸਿੱਖਿਆ ਤੋਂ ਦੂਰ ਰੱਖਿਆ ਜਾਂਦਾ ਸੀ।ਲੜਕੀਆਂ ਨੂੰ ਸਿੱਖਿਆ ਦੇਣ ਦੀ ਗੱਲ ਤਾਂ ਬਹੁਤ ਦੂਰ ਦੀ ਹੈ।ਜੋਤੀ ਬਾ ਫੂਲੇ ਅਤੇ ਸਵਿਤਰੀ ਬਾਈ ਫੂਲੇ ਮਾਲੀ ਜਾਤੀ ਵਿਚੋਂ ਸਨ ਜੋ ਫੁੱਲਾਂ ਦਾ ਕੰਮ ਕਰਦੇ ਸਨ। ਜੋਤੀ ਬਾ ਫੂਲੇ ਦੀ ਪਹਿਲੀ ਵਿਦਿਆਰਥਣ ਉਸਦੀ ਪਤਨੀ ਸਵਿਤਰੀ ਬਾਈ ਫੂਲੇ ਸੀ ਜਿਸਨੇ ਵਿਦਿਆ ਦਾ ਚਾਨਣ ਹਾਸਲ ਕਰਕੇ ਇਸਨੂੰ ਹੋਰਨਿ ਔਰਤਾਂ ਵਿਚ ਵੰਡਿਆ। ਇਸ ਜੋੜੀ ਨੇ ਮਹਾਰਾਸ਼ਟਰ ਵਿਚ ਇਕ ਨਹੀਂ ਸਗੋਂ ਕਈ ਸਕੂਲ ਚਲਾਏ। ਔਰਤ ਵਿਰੋਧੀ ਮਾਨਸਿਕਤਾ ਵਾਲੇ ਸਵਿਤਰੀ ਬਾਈ ਫੂਲੇ ਦੇ ਸਕੂਲ ਜਾਣ ਸਮੇਂ ਰਸਤੇ ਵਿਚ ਉਸਦੀ ਸਾੜ੍ਹੀ ਉੱਤੇ ਚਿੱਕੜ ਸੁੱਟ ਦਿੰਦੇ ਸਨ ਪਰ ਉਹ ਇਕ ਸਾੜ੍ਹੀ ਝੋਲ੍ਹੇ ਵਿਚ ਪਾਕੇ ਨਾਲ ਲੈ ਜਾਂਦੇ ਸਨ ਅਤੇ ਸਕੂਲ ਪਹੁੰਚ ਚਿੱਕੜ ਵਾਲੀ ਸਾੜ੍ਹੀ ਬਦਲ ਦਿੰਦੇ ਸਨ। ਉਹਨਾਂ ਕਿਹਾ ਕਿ ਸਰਕਾਰਾਂ ਨੇ ਸਵਿਤਰੀ ਬਾਈ ਫੂਲੇ ਨਾਲ ਇਨਸਾਫ਼ ਨਹੀਂ ਕੀਤਾ। ਅੱਜ ਵੀ ਸਰਕਾਰਾਂ ਵਿਦਿਆ ਦੇ ਪ੍ਰਵਾਹ ਉੱਤੇ ਪਾਬੰਦੀ ਲਾਉਂਦੀਆਂ ਹਨ ਤਾਂ ਕਿ ਵਿਦਿਆ ਆਮ ਲੋਕਾਂ ਤੱਕ ਨਾ ਪਹੁੰਚ ਸਕੇ।ਅੱਜ ਕੁਝ ਪਿਛਾਖੜੀ ਮਾਨਸਿਕਤਾ ਵਾਲੇ ਲੋਕ ਫੂਲੇ ਫਿਲਮ ਦਾ ਵਿਰੋਧ ਕਰ ਰਹੇ ਹਨ ਪਰ ਇਤਿਹਾਸ ਤਾਂ ਇਤਿਹਾਸ ਹੀ ਰਹਿੰਦਾ ਹੈ।ਉਹਨਾਂ ਕਿਹਾ ਕਿ ਇਹ ਬੁੱਤ ਸੁਨੇਹਾ ਦਿੰਦਾ ਹੈ ਵਿਦਿਆ ਦੀ ਭੂਮਿਕਾ ਦਾ ਅਤੇ ਆਪਣੇ ਆਪ ਨੂੰ ਮਜਬੂਤ ਕਰਨ ਦਾ। ਸੇਵਾ ਮੁਕਤ ਜਿਲਾ ਸਿੱਖਿਆ ਅਧਿਕਾਰੀ ਸ਼੍ਰੀ ਦਿਨੇਸ਼ ਕੁਮਾਰ ਨੇ ਕਿਹਾ ਕਿ ਭਾਰਤ ਵਿਚ ਪੁਰਾਣੇ ਸਮੇਂ ਤੋਂ ਦੋ ਤਰ੍ਹਾਂ ਦੀ ਵਿਚਾਰਧਾਰਾ ਚੱਲ ਰਹੀ ਹੈ- ਮਾਨਵਤਾਵਾਦੀ ਅਤੇ ਨਿੱਜਵਾਦੀ। ਫੂਲੇ ਜੋੜੀ ਨੇ ਮਾਨਵਵਾਦੀ ਵਿਚਾਰਧਾਰਾ ਨੂੰ ਅਪਣਾਇਆ ਅਤੇ ਫੈਲਾਇਆ। ਇਸ ਮੌਕੇ ਪ੍ਰ.ਜਗਮੋਹਨ ਸਿੰਘ ਵਲੋਂ ਹੋਣਹਾਰ ਵਿਦਿਆਰਥੀਆਂ ਨੂੰ ਇਨਾਮ ਵੀ ਵੰਡੇ।ਸਕੂਲ ਦੇ ਸਟਾਫ਼ ਵਲੋਂ ਪ੍ਰੋ.ਜਗਮੋਹਨ ਸਿੰਘ ਨੂੰ ਸਵਿਤਰੀ ਬਾਈ ਫੂਲੇ ਦੀ ਤਸਵੀਰ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਮੰਚ ਸੰਚਾਲਨ ਪ੍ਰਸਿੱਧ ਕਹਾਣੀਕਾਰ ਅਜਮੇਰ ਸਿੱਧੂ ਨੇ ਬਾਖੂਬੀ ਕੀਤਾ। ਅੰਤ ਵਿਚ ਪ੍ਰਿੰਸੀਪਲ ਰਣਜੀਤ ਕੌਰ ਨੇ ਧੰਨਵਾਦੀ ਸ਼ਬਦ ਕਹੇ।

# ਓਲਡ ਇਜ਼ ਗੋਲਡ ਫਰੈਂਡਜ਼ ਕਲੱਬ ਵੱਲੋਂ ਪਰਵਿੰਦਰ ਭੰਗਲ ਦਾ ਸੋਨੇ ਦੇ ਮੈਡਲ ਨਾਲ ਸਨਮਾਨ

**ਨਵਾਂਸ਼ਹਿਰ (ਚਰਨਜੀਤ ਸੱਲ੍ਹਾ** (ਓਲਡ ਇਜ਼ ਗੋਲਡ ਫਰੈਂਡਜ਼ ਗਰੁੱਪ ਨਵਾਂਸ਼ਹਿਰ ਵੱਲੋਂ ਬੱਬਰ ਕਰਮ ਸਿੰਘ ਮੈਮੋਰੀਅਲ ਟਰੱਸਟ/ਸਕੂਲ ,ਦੌਲਤਪੁਰ ਵਿਖੇ ਸਨਮਾਨ ਸਮਾਰੋਹ ਕਰਵਾਇਆ ਗਿਆ ਜਿਸ ਵਿੱਚ ਵਿਸ਼ੇਸ਼ ਉਪਲੱਬਧੀਆਂ ਪ੍ਰਾਪਤ ਕਰਨ ਵਾਲੀਆਂ ਸ਼ਖਸੀਅਤਾਂ ਦਾ ਸਨਮਾਨ ਕੀਤਾ ਗਿਆ । ਸਟੇਟ ਅਵਾਰਡੀ ਪਰਵਿੰਦਰ ਸਿੰਘ ਭੰਗਲ ਦਾ ਇਸ ਗਰੁੱਪ ਵੱਲੋਂ ਸਿੱਖਿਆ ਅਤੇ ਸਮਾਜ ਸੇਵਾ ਦੇ ਖੇਤਰ ਵਿੱਚ ਵਿਸ਼ੇਸ਼ ਯੋਗਦਾਨ ਦੇਣ ਲਈ ਸ਼ਹੀਦ ਭਗਤ ਸਿੰਘ ਨਗਰ ਜਿਲੇ ਦੇ ਸਰਵੋਤਮ ਅਧਿਆਪਕ ਵਜੋਂ ਸੋਨੇ ਦਾ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਗਰੁੱਪ ਮੈਂਬਰਾਂ ਵੱਲੋਂ ਉਹਨਾਂ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ।ਇਸ ਮੌਕੇ ਰਘਵਿੰਦਰ ਪਾਲ ਸਿੰਘ, ਤਰਸੇਮ ਲਾਲ ਰਿਟ. ਐੱਸ ਡੀ ਓ, ਪਰਮਿੰਦਰ ਸਿੰਘ ਰਿਟਾ . ਏ ਜੀ ਐਮ, ਜਗਮਿੰਦਰ ਸਿੰਘ ਏ ਜੀ ਐਮ , ਸੁਖਦੀਪ ਸਿੰਘ ਕੈਨੇਡਾ,ਜਸਪਾਲ ਸਿੰਘ ਜਾਡਲੀ ,ਸਕੂਲ ਪ੍ਰਬੰਧਕ ਕਮੇਟੀ ਅਤੇ ਸਟਾਫ ਮੈਂਬਰ ਹਾਜ਼ਰ



ਸਨ।ਨਵਾਂਸ਼ਹਿਰ ਵੱਲੋਂ ਬੱਬਰ ਕਰਮ ਸਿੰਘ ਮੈਮੋਰੀਅਲ ਟਰੱਸਟ/ਸਕੂਲ ,ਦੌਲਤਪੁਰ ਵਿਖੇ ਸਨਮਾਨ ਸਮਾਰੋਹ ਕਰਵਾਇਆ ਗਿਆ ਜਿਸ ਵਿੱਚ ਵਿਸ਼ੇਸ਼ ਉਪਲੱਬਧੀਆਂ ਪ੍ਰਾਪਤ ਕਰਨ ਵਾਲੀਆਂ ਸ਼ਖਸੀਅਤਾਂ ਦਾ ਸਨਮਾਨ ਕੀਤਾ ਗਿਆ । ਸਟੇਟ ਅਵਾਰਡੀ ਪਰਵਿੰਦਰ ਸਿੰਘ ਭੰਗਲ ਦਾ ਇਸ ਗਰੁੱਪ ਵੱਲੋਂ ਸਿੱਖਿਆ ਅਤੇ ਸਮਾਜ ਸੇਵਾ ਦੇ ਖੇਤਰ ਵਿੱਚ ਵਿਸ਼ੇਸ਼ ਯੋਗਦਾਨ ਦੇਣ ਲਈ ਸ਼ਹੀਦ ਭਗਤ ਸਿੰਘ ਨਗਰ ਜਿਲੇ ਦੇ ਸਰਵੋਤਮ ਅਧਿਆਪਕ ਵਜੋਂ ਸੋਨੇ ਦਾ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਗਰੁੱਪ ਮੈਂਬਰਾਂ ਵੱਲੋਂ ਉਹਨਾਂ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ।ਇਸ ਮੌਕੇ ਰਘਵਿੰਦਰ ਪਾਲ ਸਿੰਘ, ਤਰਸੇਮ ਲਾਲ ਰਿਟ. ਐੱਸ ਡੀ ਓ, ਪਰਮਿੰਦਰ ਸਿੰਘ ਰਿਟਾ . ਏ ਜੀ ਐਮ, ਜਗਮਿੰਦਰ ਸਿੰਘ ਏ ਜੀ ਐਮ , ਸੁਖਦੀਪ ਸਿੰਘ ਕੈਨੇਡਾ,ਜਸਪਾਲ ਸਿੰਘ ਜਾਡਲੀ ,ਸਕੂਲ ਪ੍ਰਬੰਧਕ ਕਮੇਟੀ ਅਤੇ ਸਟਾਫ ਮੈਂਬਰ ਹਾਜ਼ਰ ਸਨ।

# ਡਿਪਟੀ ਸਪੀਕਰ ਨੇ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੇ ਨਾਨਕਾ ਪਿੰਡ ਮੋਰਾਂਵਾਲੀ ਨੂੰ ਦਿੱਤਾ ਸੋਲਰ ਸਿਸਟਮ

**ਗੜ੍ਹਸ਼ੰਕਰ (ਬਲਵੀਰ ਚੌਪੜਾ )** ਡਿਪਟੀ ਸਪੀਕਰ, ਪੰਜਾਬ ਵਿਧਾਨ ਸਭਾ ਤੇ ਹਲਕਾ ਵਿਧਾਇਕ ਗੜ੍ਹਸ਼ੰਕਰ ਜੈ ਕ੍ਰਿਸ਼ਨ ਸਿੰਘ ਰੋੜੀ ਵੱਲੋਂ ਅੱਜ 6 ਹਲਕਾ ਅਧੀਨ ਆਉਣ ਵਾਲੇ ਪਿੰਡ ਮੋਰਾਂਵਾਲੀ, ਜੋ ਕਿ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਦਾ ਨਾਨਕਾ ਪਿੰਡ ਹੈ, ਨੂੰ ਸੋਲਰ ਸਿਸਟਮ ਉਪਲਬਧ ਕਰਵਾਇਆ ਗਿਆ। ਇਸ ਮੌਕੇ ਰੋੜੀ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਖਟਕੜ ਕਲਾਂ ਵਿਖੇ ਸਹੁ ਚੁੱਕਣ ਉਪਰੰਤ ਲੋਕ ਹਿੱਤਾਂ ਲਈ ਕਈ ਉਪਰਾਲਿਆਂ ਦੀ ਸ਼ੁਰੂਆਤ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਨੇ ਇਹ ਸੰਕਲਪ ਲਿਆ ਸੀ ਕਿ ਸ਼ਹੀਦ ਭਗਤ ਸਿੰਘ ਦੇ ਨਾਨਕਾ ਪਿੰਡ ਨੂੰ ਇੱਕ ਇਤਿਹਾਸਕ ਮਾਡਲ ਪਿੰਡ ਵਜੋਂ ਵਿਕਸਿਤ ਕੀਤਾ ਜਾਵੇਗਾ, ਤਾਂ ਜੋ ਲੋਕ ਇੱਥੇ ਦਰਸ਼ਨ ਲਈ ਆ ਸੱਕਣ



। ਜੈ ਕ੍ਰਿਸ਼ਨ ਸਿੰਘ ਰੋੜੀ ਨੇ ਅੱਗੇ ਕਿਹਾ ਕਿ ਪਿਛਲੀਆਂ ਸਰਕਾਰਾਂ ਵਲੋਂ ਇਸ ਪਿੰਡ ਵਿਚ ਵਿਕਾਸ ਕਾਰਜ ਨਹੀਂ ਕਰਵਾਏ ਗਏ ਜਦਕਿ ਉਹਨਾਂ ਨੇ ਹਮੇਸ਼ਾ ਇਸ ਪਿੰਡ ਦੇ ਵਿਕਾਸ ਲਈ ਕੰਮ ਕੀਤਾ ਹੈ ਅਤੇ ਅੱਜ ਸੋਲਰ ਸਿਸਟਮ ਲਗਵਾ ਕੇ ਆਪਣਾ ਇੱਕ ਹੋਰ ਵਾਅਦਾ ਪੂਰਾ ਕੀਤਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸ਼ਹੀਦਾਂ ਦੀ ਨਿਸ਼ਾਨੀਆਂ, ਪਰਿਵਾਰਾਂ ਅਤੇ ਪਵਿੱਤਰ ਸਥਾਨਾਂ ਦੀ ਸੰਭਾਲ ਲਈ ਪੂਰੀ ਤਨਦਿਹੀ ਨਾਲ ਕੰਮ ਕਰ ਰਹੀ ਹੈ ਅਤੇ ਇਨ੍ਹਾਂ ਪਿੰਡਾਂ ਦੇ ਆਲਮੀ ਵਿਕਾਸ ਲਈ ਕੋਈ ਵੀ ਕਸਰ ਨਹੀਂ ਛੱਡੇਗੀ। ਇਸ ਮੌਕੇ ਉਨ੍ਹਾਂ ਨਾਲ ਚਰਨਜੀਤ ਸਿੰਘ ਚੰਨੀ (ਓ.ਐਸ.ਡੀ), ਪਿੰਡ ਮੋਰਾਂਵਾਲੀ ਦੇ ਸਰਪੰਚ ਅਮਨਦੀਪ ਸਿੰਘ ਰਾਏ ਅਤੇ ਹੋਰ ਨਜ਼ਦੀਕੀ ਪਿੰਡਾਂ ਦੇ ਸਰਪੰਚ ਵੀ ਹਾਜ਼ਰ ਰਹੇ। ਪਿੰਡ ਦੇ ਸਰਪੰਚ ਵੱਲੋਂ ਡਿਪਟੀ ਸਪੀਕਰ ਜੈ ਕ੍ਰਿਸ਼ਨ ਰੋੜੀ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।

# ਬ੍ਰਹਮ ਸਰੂਪ ਧਾਮ ਪੋਜੇਵਾਲ ਵਿਖੇ ਤਿੰਨ ਰੋਜ਼ਾ ਸਮਾਗਮ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਪਹੁੰਚੇ ਪ੍ਰਸ਼ਾਸ਼ਨਿਕ ਅਧਿਕਾਰੀ

**ਸੜੋਆ (ਸਤਨਾਮ ਸਿੰਘ ਸਹੂੰਗੜਾ)** ਮਹਾਰਾਜ ਬ੍ਰਹਮਸਾਗਰ ਭੂਰੀਵਾਲੇ ਗੁਰਗੱਦੀ ਪਰੰਪਰਾ ਦੇ ਤੀਜੇ ਗੱਦੀਨਸ਼ੀਨ ਬ੍ਰਹਮਲੀਨ ਸਤਿਗੁਰੂ ਬ੍ਰਹਮਾ ਨੰਦ ਜੀ ਭੂਰੀਵਾਲਿਆ ਦੇ 23ਵੇਂ ਨਿਰਵਾਣ ਦਿਵਸ ਸਬੰਧੀ ਤਿੰਨ ਰੋਜ਼ਾ ਸੰਤ ਸਮਾਗਮ ਮੌਜੂਦਾ ਗੱਦੀਨਸ਼ੀਨ ਸ਼੍ਰੀ ਸਤਿਗੁਰੂ ਵੇਦਾਂਤ ਅਚਾਰੀਆ ਸਵਾਮੀ ਚੇਤਨਾ ਨੰਦ ਜੀ ਮਹਾਰਾਜ ਭੂਰੀਵਾਲਿਆ ਦੀ ਸਰਪ੍ਰਸਤੀ ਹੇਠ ਮਿਤੀ 29, 30 ਅਪ੍ਰੈਲ ਤੇ 1ਮਈ ਨੂੰ ਬ੍ਰਹਮ ਸਰੂਪ ਧਾਮ ਪੋਜੇਵਾਲ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਤਿੰਨ ਰੋਜ਼ਾ ਸਮਾਗਮ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸਿਵਲ ਤੇ ਪੁਲਿਸ ਪ੍ਰਸ਼ਾਸਨ ਦੇ ਸਮੁੱਚੇ ਅਧਿਕਾਰੀ ਬ੍ਰਹਮ ਸਰੂਪ ਧਾਮ ਪੋਜੇਵਾਲ ਵਿਖੇ



ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਮਹਾਰਾਜ ਭੂਰੀਵਾਲੇ ਗਰੀਬਦਾਸੀ ਐਜੂਕੇਸ਼ਨ ਟਰੱਸਟ ਦੇ ਮੈਂਬਰਾਂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 29 ਅਪ੍ਰੈਲ ਨੂੰ ਮੌਜੂਦਾ ਗੱਦੀਨਸ਼ੀਨ ਵੇਦਾਂਤ ਅਚਾਰੀਆ ਸਵਾਮੀ ਚੇਤਨਾ ਨੰਦ ਜੀ ਮਹਾਰਾਜ ਭੂਰੀਵਾਲੇ ਜਗਤ ਗੁਰੂ ਬਾਬਾ ਗਰੀਬਦਾਸ ਜੀ ਦੀ ਰਚਿਤ ਬਾਣੀ ਦੇ ਪਾਠ ਪ੍ਰਕਾਸ਼ ਆਰੰਭ ਕਰਨਗੇ। 30 ਅਪ੍ਰੈਲ ਨੂੰ ਮੱਧ ਦੀ ਬਾਣੀ ਦੇ ਪਾਠ ਦੇ ਭੋਗ ਪਾਏ ਜਾਣਗੇ ਉਪਰੰਤ ਸਤਿਗੁਰੂ ਮਹਾਰਾਜ ਬ੍ਰਹਮਾ ਨੰਦ ਜੀ ਭੂਰੀਵਾਲਿਆਂ ਦੀ ਯਾਦ ਨੂੰ ਸਮਰਪਿਤ ਪੀ ਜੀ ਆਈ ਚੰਡੀਗੜ੍ਹ ਦੇ ਮਾਹਿਰ ਡਾਕਟਰਾਂ ਦੀ ਬਲੱਡ ਬੈਂਕ ਟੀਮ ਦੇ ਵੱਲੋਂ ਖੂਨਦਾਨ ਕੈਂਪ ਵੀ ਲਗਾਇਆ ਜਾਵੇਗਾ ਤੇ ਨਾਲ ਹੋਮਿਓਪੈਥਿਕ,ਐਲੋਪੈਥਿਕ ਕੈਂਪ ਲਗਾਇਆ ਜਾਵੇਗਾ। ਸਮਾਗਮ ਦੇ ਅੰਤਿਮ ਦਿਨ 1 ਮਈ ਨੂੰ ਚੱਲ ਰਹੀ ਬਾਣੀ ਦੇ ਸੰਪੂਰਨ ਪਾਠ ਦੇ ਭੋਗ ਮੌਜੂਦਾ ਗੱਦੀਨਸ਼ੀਨ ਵੇਦਾਂਤ ਅਚਾਰੀਆ ਸਵਾਮੀ ਚੇਤਨਾ ਨੰਦ ਜੀ ਮਹਾਰਾਜ ਭੂਰੀਵਾਲਿਆਂ ਵੱਲੋਂ ਪਾਏ ਜਾਣਗੇ। ਉਪਰੰਤ ਸਮਾਗਮ ਦੇ ਦੌਰਾਨ ਰੋਜ਼ਾਨਾ ਰਾਤ ਸਮੇਂ ਸੰਧਿਆ ਆਰਤੀ ਤੇ ਹੋਰ ਸੰਪਰਦਾਇ ਤੋ ਪਹੁੰਚ ਰਹੇ ਸੰਤ ਮਹਾਂਪੁਰਸ਼ ਦੇਸ਼ ਵਿਦੇਸ਼ ਤੋਂ ਪਹੁੰਚ ਰਹੀਆਂ ਸੰਗਤਾਂ ਤੇ ਸਤਿਸੰਗ ਦੇ ਜ਼ਰੀਏ ਸੰਗਤ ਤੇ ਅੰਮ੍ਰਿਤ ਵਰਖਾ ਕਰਨਗੇ। ਇਸ ਮੌਕੇ ਹਲਕਾ ਵਿਧਾਇਕਾ ਸੰਤੋਸ਼ ਕਟਾਰੀਆ, ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ, ਜ਼ਿਲ੍ਹਾ ਪੁਲਿਸ ਮੁਖੀ ਡਾ. ਮਹਿਤਾਬ ਸਿੰਘ, ਅਸ਼ੋਕ ਕਟਾਰੀਆ, ਏ ਡੀ ਸੀ ਰਾਜੀਵ ਵਰਮਾ, ਡੀ ਐਸ ਪੀ ਬਲਾਚੌਰ ਸ਼ਾਮ ਸੁੰਦਰ, ਥਾਣਾ ਮੁਖੀ ਸਤਨਾਮ ਸਿੰਘ ਪੋਜੇਵਾਲ,ਐਕਸੀਅਨ ਬਿਜਲੀ ਵਿਭਾਗ ਆਦਿ ਵੱਖ-ਵੱਖ ਅਧਿਕਾਰੀ ਹਾਜ਼ਰ ਸਨ।

## ਰਿਸ਼ਤਿਆਂ ਦੀ ਲਾਸ਼

ਪਿਆਰ ਦੇ ਰਾਹ ਤੇ ਕੋਈ ਬੰਦਾ, ਨਾ ਬੇਉਮੀਦ ਹੋਵੇ,
ਕੌਣ ਮਿਣਦਾ ਹੈ ਫਾਸਲੇ ਜਦੋਂ ਮੰਜ਼ਿਲ ਹੀ ਦੀਦ ਹੋਵੇ।
ਖੁਮਾਰੀ ਅੱਖਾਂ ਵਿੱਚ ਰਹਿੰਦੀ, ਸੋਚ ਤੇ ਗਲਬਾ ਵੀ ਹੁੰਦਾ,
ਚੁਫੇਰਾ ਜੰਨਤ ਜਿਹਾ ਲੱਗਦਾ,ਜਿਵੇਂ ਕੋਈ ਮੇਲਾ ਈਦ ਹੋਵੇ।
ਡਰੂ ਜਹੇ ਲੋਕਾਂ ਕੀ ਤੁਰਨਾ ਹੈ,ਧਾਰ-ਏ-ਤਲਵਾਰ ਦੇ ਉੱਤੇ,
ਕੋਈ ਦਸਮੇਸ਼ ਜਿਹਾ ਗੁਰੂ ਲੱਭੇ,ਤਾਂ ਹੀ ਬੰਦਾ ਮੁਰੀਦ ਹੋਵੇ।
ਲਹਿਰਾਂ ਹੀ ਪਾਣੀਆਂ ਨੂੰ ਜ਼ਿੰਦਾ ਰੱਖਕੇ ਹਸੀਨ ਬਣਾ ਦੇਣ,
ਵਰਨਾ ਉੱਜੜੇ ਕੰਢਿਆਂ ਲਈ ਕੌਣ ਸ਼ਹੀਦ ਹੋਵੇ।
ਹੱਸਣ ਲਈ ਸਮਾਂ ਕਿੱਥੇ, ਉੱਲਝੇ ਮਨ ਤੇ ਟੀਰੀ ਅੱਖ ਕੋਲ,
ਅਸੀ ਤਾਂ ਜਾਗਦੇ, ਸਾਹਵੇਂ ਜਦੋਂ ਅਤੰਕੀ ਜਾਂ ਰਸ਼ੀਦ ਹੋਵੇ।
ਵੰਡੀਆਂ ਦੇ ਕੈਂਸਰ ਨੇ ਅਪੰਗ ਕਰ ਛੱਡਿਆ ਸਮਾਜ ਨੂੰ
ਰਲ਼ਕੇ ਦਵਾ ਲੱਭੀਏ ਭਾਵੇਂ ਹੋਵੇ ਕੌੜੀ ਪਰ ਮੁਫ਼ੀਦ ਹੋਵੇ।
ਸੇਹ ਦੇ ਤੱਕਲੇ ਦਾ ਟੂਣਾ ਕੌਣ ਕਰ ਗਿਆ ਸਾਡੇ ਦਰੀਂ
ਪਹਿਰਾ ਦੇ ਕੇ ਦਬੋਚੀਏ ਕਰੜਾ ਕਿ ਸਭ ਨੂੰ ਤਾਕੀਦ ਹੋਵੇ।
ਫ਼ਰਿਸ਼ਤੇ ਦੀ ਭਾਲ਼ ਵਿੱਚ ਯਾਰ ਹੀ ਨਾ ਗੁਆ ਬਹੀਏ
ਟੋਹਕੇ ਤਾਂ ਦੇਖ,ਕੀ ਪਤਾ ਨੀਲਮ ਜਾਂ ਹੀਰਾ ਮਜੀਦ ਹੋਵੇ।
ਕਿੰਨਾ ਚਿਰ ਢੋਏਂਗਾ ਮੋਢਿਆਂ ਤੇ ਰਿਸ਼ਤਿਆਂ ਦੀ ਲਾਸ਼,
'ਰੱਤੜਾ'ਰਾਤ ਹੋਵੇ ਰੁਖ਼ਸਤੀ ਨਾ ਕੋਈ ਚਸ਼ਮਦੀਦ ਹੋਵੇ।



**ਕੇਵਲ ਸਿੰਘ ਰੱਤੜਾ**
8283830599

# ਸਕੂਲ ਵਿਦਿਆਰਥੀਆਂ ਨੂੰ ਗੁੱਡ ਟੱਚ ਤੇ ਬੈਡ ਟੱਚ ਬਾਰੇ ਦਿੱਤੀ ਜਾਣਕਾਰੀ

**ਸ੍ਰੀ ਅਨੰਦਪੁਰ ਸਾਹਿਬ**

ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ ਦੇ ਸਟੇਟ ਐਵਾਰਡੀ ਅਧਿਆਪਕ ਮਾਸਟਰ ਸੰਜੀਵ ਧਰਮਾਣੀ ਨੇ ਸਵੇਰ ਦੀ ਸਭਾ ਦੇ ਦੌਰਾਨ ਸਕੂਲ ਦੇ ਵਿਦਿਆਰਥੀਆਂ ਨੂੰ ਗੁੱਡ ਟੱਚ ਅਤੇ ਬੈਡ ਟੱਚ ( ਚੰਗੇ ਅਤੇ ਬੁਰੇ ਸਪਰਸ਼/ਛੋਹ ) ਦੇ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਉਹਨਾਂ ਨੇ ਬੱਚਿਆਂ ਨੂੰ ਚੰਗੇ ਸਪਰਸ਼ ਦੇ ਨਾਲ਼ ਹੀ ਬੁਰੇ ਸਪਰਸ਼ ਬਾਰੇ ਸਮਝਾਉਂਦੇ ਹੋਇਆਂ ਦੱਸਿਆ ਕਿ ਜੇਕਰ ਕੋਈ ਵੀ ਵਿਅਕਤੀ ਤੁਹਾਡੇ ਬੁੱਲਾਂ , ਛਾਤੀ , ਪੇਟ ਤੋਂ ਹੇਠਾਂ , ਪਿੱਠ ਤੋਂ ਹੇਠਾਂ ਸਪਰਸ਼ ਕਰੇ / ਛੂਹੇ , ਤਾਂ ਇਸ ਨੂੰ ਬੁਰਾ ਸਪਰਸ਼ /ਬੈਡ ਟੱਚ ਸਮਝਿਆ ਜਾਵੇ ਅਤੇ ਇਸ ਦੀ ਜਾਣਕਾਰੀ ਤੁਰੰਤ ਆਪਣੇ ਅਧਿਆਪਕਾਂ , ਆਪਣੇ ਮਾਤਾ - ਪਿਤਾ ਅਤੇ ਪਿੰਡ ਵਾਸੀਆਂ ਨੂੰ ਦਿੱਤੀ



ਜਾਵੇ ਅਤੇ ਅਜਿਹੇ ਇਨਸਾਨਾਂ ਤੋਂ ਦੂਰ ਰਹਿਣ ਦੀ ਕੋਸ਼ਿਸ਼ ਕੀਤੀ ਜਾਵੇ ; ਕਿਉਂਕਿ ਅਜਿਹਾ ਸਪਰਸ਼/ ਟੱਚ ਕਰਨ ਵਾਲੇ ਵਿਅਕਤੀ ਤੁਹਾਨੂੰ ਵਿਦਿਆਰਥੀਆਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਅਜਿਹੇ ਇਨਸਾਨਾਂ ਤੋਂ ਸਾਨੂੰ ਦੂਰੀ ਬਣਾ ਕੇ ਰੱਖਣੀ ਚਾਹੀਦੀ ਹੈ ਅਤੇ ਉਹਨਾਂ ਨੂੰ ਬੁਲਾਉਣ ਅਤੇ ਮਿਲਣ ਤੋਂ ਗੁਰੇਜ ਕਰਨਾ ਚਾਹੀਦਾ ਹੈ। ਬੁਰੇ ਸਪਰਸ਼ ਕਰਨ ਵਾਲੇ ਇਨਸਾਨਾਂ ਤੋਂ ਕੁਝ ਵੀ ਲੈ ਕੇ ਖਾਣਾ ਵੀ ਨਹੀਂ ਚਾਹੀਦਾ।ਅਜਿਹੇ ਇਨਸਾਨ ਸਾਨੂੰ ਆਪਣੇ ਸਮਾਜ , ਭੀੜ - ਭੜੱਕੇ ਵਾਲੀਆਂ ਥਾਵਾਂ , ਮੇਲਿਆਂ , ਵਿਆਹਾਂ , ਰੇਲਵੇ ਸਟੇਸ਼ਨਾਂ , ਸਫ਼ਰ ਦੌਰਾਨ ਜਾਂ ਇਕਾਂਤ ਵਾਲੀਆਂ ਥਾਵਾਂ 'ਤੇ ਮਿਲ ਸਕਦੇ ਹਨ। ਉਹਨਾਂ ਨੇ ਵਿਦਿਆਰਥੀਆਂ ਨੂੰ ਉਹਨਾਂ ਦੀ ਹਿਫਾਜ਼ਤ ਦੇ ਲਈ ਵੱਖ-ਵੱਖ ਤਰ੍ਹਾਂ ਦੇ ਟਿਪਸ ਵੀ ਦੱਸੇ ਤਾਂ ਜੋ ਬੱਚੇ ਅਜੋਕੇ ਮਾਹੌਲ ਵਿੱਚ ਆਪਣੇ ਆਪ ਨੂੰ ਸੁਰੱਖਿਤ ਮਹਿਸੂਸ ਕਰ ਸਕਣ ਅਤੇ ਸੁਰੱਖਿਅਤ ਰਹਿ ਸਕਣ।

# ਭਾਸ਼ਾ ਵਿਭਾਗ ਵੱਲੋਂ ਡਾ. ਸੁਰਜੀਤ ਪਾਤਰ ਯੁਵਾ ਸਾਹਿਤ ਪੁਰਸਕਾਰ ਲਈ ਪੁਸਤਕਾਂ ਦੀ ਮੰਗ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**

ਪੰਜਾਬ ਸਰਕਾਰ ਅਤੇ ਨਿਰਦੇਸ਼ਕ ਭਾਸ਼ਾ ਵਿਭਾਗ, ਪੰਜਾਬ ਜਸਵੰਤ ਸਿੰਘ ਜ਼ਫ਼ਰ ਦੇ ਦਿਸ਼ਾ ਨਿਰਦੇਸ਼ ਹੇਠ ਪਿਛਲੇ ਵਰ੍ਹੇ ਵਿਛੋੜਾ ਦੇ ਗਏ ਪੰਜਾਬੀ ਦੇ ਪ੍ਰਸਿੱਧ ਸਾਹਿਤਕਾਰ ਡਾ. ਸੁਰਜੀਤ ਪਾਤਰ ਜੀ ਦੇ ਨਾਮ 'ਤੇ ਨੌਜਵਾਨ ਪੀੜ੍ਹੀ ਨੂੰ ਉਤਸ਼ਾਹਿਤ ਕਰਨ ਲਈ ਡਾ. ਸੁਰਜੀਤ ਪਾਤਰ ਯੁਵਾ ਸਾਹਿਤ ਪੁਰਸਕਾਰ ਵਾਸਤੇ ਪੁਸਤਕਾਂ ਦੀ ਮੰਗ ਕੀਤੀ ਗਈ ਹੈ। ਇਸ ਸਬੰਧੀ ਵਿਸਤਾਰ ਨਾਲ ਗੱਲ ਕਰਦਿਆਂ ਡਾ. ਜਸਵੰਤ ਰਾਏ ਜ਼ਿਲ੍ਹਾ ਖੋਜ ਅਫ਼ਸਰ, ਹੁਸ਼ਿਆਰਪੁਰ ਨੇ ਦੱਸਿਆ ਕਿ ਕਿਸੇ ਵੀ ਵਿਧਾ ਦੀ ਪੰਜਾਬੀ ਦੀ ਪੁਸਤਕ ਲਿਖਣ ਵਾਲਾ ਵਿਦਿਆਰਥੀ ਇਸ ਪੁਰਸਕਾਰ ਲਈ ਦਾਅਵੇਦਾਰ ਹੋ ਸਕਦਾ ਹੈ। ਵਿਦਿਆਰਥੀ ਦੁਨੀਆ ਦੇ ਕਿਸੇ ਵੀ ਕੋਨੇ ਵਿਚ ਰਹਿੰਦਾ ਅਤੇ ਪੜ੍ਹਦਾ ਹੋ ਸਕਦਾ ਹੈ। ਕਿਸੇ ਵੀ ਸਕੂਲ/ਕਾਲਜ/ ਯੂਨੀਵਰਸਿਟੀ ਦਾ ਵਿਦਿਆਰਥੀ ਜਿਸ ਦੀ ਉਮਰ 25 ਸਾਲ ਤੋਂ ਘੱਟ ਹੋਵੇ, ਇਸ ਪੁਰਸਕਾਰ ਲਈ ਆਪਣੀ ਦਾਅਵੇਦਾਰੀ ਪੇਸ਼ ਕਰ ਸਕਦਾ ਹੈ। ਸਕੂਲ/ਕਾਲਜ ਦਾ ਪ੍ਰਿੰਸੀਪਲ /ਯੂਨੀਵਰਸਿਟੀ ਦੇ ਵਿਭਾਗ ਦਾ ਮੁਖੀ ਵਿਦਿਆਰਥੀ ਦੀ ਪੁਸਤਕ ਦੀ



ਮੌਲਿਕਤਾ ਸਬੰਧੀ ਸਰਟੀਫਿਕੇਟ ਦੇਵੇਗਾ। ਮੁਕਾ-ਬਲੇ ਵਿਚ ਭਾਗ ਲੈਣ ਲਈ ਕੇਵਲ ਉਹ ਪੁਸਤਕ ਹੀ ਸ਼ਾਮਲ ਕੀਤੀ ਜਾ ਸਕੇਗੀ ਜਿਹੜੀ 01 ਜਨਵਰੀ, 2024 ਤੋਂ 31 ਦਸੰਬਰ, 2024 ਦੌਰਾਨ ਪ੍ਰਕਾਸ਼ਿਤ ਹੋਈ ਹੋਵੇ।ਯੁਵਾ ਸਾਹਿਤ ਪੁਰਸਕਾਰ ਲਈ ਬਿਨੈ ਪੱਤਰ ਅਤੇ ਨਿਯਮ ਭਾਸ਼ਾ ਵਿਭਾਗ ਪੰਜਾਬ ਦੀ ਵੈਬਸਾਈਟ ਜਾਂ ਜ਼ਿਲ੍ਹਾ ਭਾਸ਼ਾ ਦਫ਼ਤਰ ਹੁਸ਼ਿਆਰਪੁਰ ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ। ਬਿਨੈ ਪੱਤਰ ਨਾਲ 4 ਪੁਸਤਕਾਂ ਦੇ ਸੈੱਟ ਨੂੰ ਨੱਥੀ ਕਰਕੇ 30 ਅਪ੍ਰੈਲ, 2025 ਤੱਕ ਭਾਸ਼ਾ ਵਿਭਾਗ ਪੰਜਾਬ ਪਟਿਆਲਾ ਦੇ ਮੁੱਖ ਦਫਤਰ ਵਿਖੇ ਦਸਤੀ ਜਾਂ ਡਾਕ ਰਾਹੀਂ ਪਹੁੰਚਾਇਆ ਜਾ ਸਕਦਾ ਹੈ। ਚੁਣੇ ਗਏ ਯੁਵਾ ਸਾਹਿਤਕਾਰ ਨੂੰ ਵਿਭਾਗ ਦੇ ਸਲਾਨਾ ਸਮਾਗਮ ਵਿਚ ਇੱਕ ਲੱਖ ਰੁਪਏ ਨਗਦ ਰਾਸ਼ੀ, ਇੱਕ ਸ਼ਾਲ ਅਤੇ ਇੱਕ ਯਾਦ ਚਿਨ੍ਹ ਨਾਲ ਸਨਮਾਨਿਤ ਕੀਤਾ ਜਾਵੇਗਾ।

# ਕਿਰਾਏਦਾਰਾਂ ਅਤੇ ਨੌਕਰਾਂ ਦਾ ਪੂਰਾ ਵੇਰਵਾ ਜ਼ਿਲ੍ਹਾ ਤੇ ਪੁਲਿਸ ਪ੍ਰਸ਼ਾਸਨ ਨੂੰ ਦੇਣਾ ਲਾਜ਼ਮੀ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**
ਜ਼ਿਲ੍ਹਾ ਮੈਜਿਸਟ੍ਰੇਟ ਅੰਕੁਰਜੀਤ ਸਿੰਘ ਨੇ ਭਾਰਤੀ ਨਾਗਰਿਕ ਸੁਰੱਕਸ਼ਾ ਸੰਹਿਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਇਹ ਹੁਕਮ ਜਾਰੀ ਕੀਤਾ ਹੈ ਕਿ ਜ਼ਿਲ੍ਹੇ ਦੇ ਮਿਉਂਸਪਲ ਕੌਂਸਲ, ਨਗਰ ਪੰਚਾਇਤਾਂ ਅਤੇ ਪਿੰਡਾਂ ਦੀਆਂ ਪੰਚਾਇਤਾਂ ਦੇ ਅਧਿਕਾਰ ਖੇਤਰ ਵਿਚ ਰਹਿਣ ਵਾਲਾ ਕੋਈ ਵੀ ਵਿਅਕਤੀ ਜੇਕਰ ਆਪਣੇ ਘਰ/ਹੋਟਲ/ਰੈਸਟੋਰੈਂਟ ਵਿਚ ਕਿਰਾਏਦਾਰ/ਨੌਕਰ/ਪੇਇੰਗ ਗੈਸਟ/ਨੇਪਾਲੀ ਲਾਂਗਰੀ ਰੱਖੇਗਾ, ਤਾਂ ਉਹ ਉਸ ਦੀ ਸੂਚਨਾ dc_nawan-shahr@reidffmial.com ਅ ਤ dpo.nsr.poilce@pun-jab.govi.n 'ਤੇ ਇਕ ਹਫ਼ਤੇ ਦੇ ਅੰਦਰ-ਅੰਦਰ ਦੇਣ ਲਈ ਪਾਬੰਦ ਹੋਵੇਗਾ। ਉਨ੍ਹਾਂ ਕਿਹਾ ਕਿ ਜਿਨ੍ਹਾਂ ਮਕਾਨ ਮਾਲਕਾਂ ਨੇ ਅਜੇ ਤੱਕ ਕਿਰਾਏਦਾਰਾਂ ਦੀ ਸੂਚਨਾ ਪੁਲਿਸ ਨੂੰ ਨਹੀਂ ਦਿੱਤੀ ਹੈ, ਉਹ ਉਕਤ ਈ-ਮੇਲ 'ਤੇ ਕਿਰਾਏਦਾਰ (ਨਾਮ, ਪਿਤਾ ਦਾ ਨਾਮ, ਫੋਟੋ ਅਤੇ ਆਧਾਰ ਕਾਰਡ) ਦੀ ਸੂਚਨਾ ਇਸ ਹੁਕਮ ਦੇ ਜਾਰੀ ਹੋਣ ਦੀ ਮਿਤੀ ਤੋਂ ਇਕ ਹਫ਼ਤੇ ਦੇ ਅੰਦਰ-ਅੰਦਰ ਦੇਣ।

ਉਨ੍ਹਾਂ ਕਿਹਾ ਕਿ ਮਕਾਨ ਮਾਲਕਾ ਵੱਲੋਂ ਰੱਖੇ ਗ ਏ ਕਿਰਾਏਦਾਰ/ਨੌਕਰ/ਪੇਇੰਗ ਗੈਸਟ ਆਦਿ ਕਈ ਵਾਰ ਨਸ਼ੇ, ਅਸਮਾਜਿਕ ਅਤੇ ਅਪਰਾਧਿਕ ਪਿਛੋਕੜ ਦੇ ਹੁੰਦੇ ਹਨ ਅਤੇ ਕਿਰਾਏ ਵਾਲੇ ਮਕਾਨਾਂ ਅਤੇ ਪਬਲਿਕ ਸਥਾਨਾਂ 'ਤੇ ਹੁੜਦੰਗ ਕਰਦੇ ਰਹਿੰਦੇ ਹਨ, ਜਿਸ ਕਰਕੇ ਅਮਨ ਤੇ ਕਾਨੂੰਨ ਦੀ ਸਥਿਤੀ ਵਿਗੜਨ ਦਾ ਡਰ ਹੈ, ਪਰ ਮਕਾਨ ਮਾਲਕਾਂ ਵੱਲੋਂ ਇਨ੍ਹਾਂ ਕਿਰਾਏਦਾਰਾਂ ਦੀ ਸੂਚਨਾ ਪੁਲਿਸ ਪਾਸ ਸਮੇਂ ਸਿਰ ਦਰਜ ਨਹੀਂ ਕਰਵਾਈ ਜਾਂਦੀ ਹੈ। ਇਸ ਤਰ੍ਹਾਂ ਦੀਆਂ ਵਾਰਦਾਤਾਂ ਨੂੰ ਰੋਕਣ ਲਈ ਉਕਤ ਹੁਕਮ ਲਾਗੂ ਕੀਤਾ ਗਿਆ ਹੈ। ਇਹ ਹੁਕਮ 24 ਜੂਨ, 2025 ਤੱਕ ਲਾਗੂ ਰਹੇਗਾ।

# ਅਹਿਮਦੀਆ ਮੁਸਲਿਮ ਜਮਾਤ ਵੱਲੋਂ ਹਮਾਇਤ ਕਰਨ ਨਾਲ ਢਿੱਲੋਂ ਦੀ ਚੋਣ ਮੁਹਿੰਮ ਨੂੰ ਹੁੰਗਾਰਾ



**ਰਾਜਵੀਰ ਸਿੰਘ ਢਿਲੋ ਅਤੇ ਅਹਿਮਦੀਆ ਜਮਾਤ ਦੇ ਅਹੁਦੇਦਾਰ**

**ਵੈਨਕੂਵਰ, (ਮਲਕੀਤ ਸਿੰਘ)–** ਅਹਿਮਦੀਆ ਮੁਸਲਿਮ ਜਮਾਤ (ਲੋਅਰ ਮੇਨਲੈਂਡ )ਵੱਲੋਂ ਸਰੀ ਸੈਂਟਰ ਸੰਸਦੀ ਸੀਟ ਤੋਂ ਕੰਸਰਵੇਟਿਵ ਪਾਰਟੀ ਦੇ ਉਮੀਦਵਾਰ ਰਾਜਵੀਰ ਸਿੰਘ ਢਿੱਲੋਂ ਦੀ ਹਮਾਇਤ ਕਰਨ ਦੇ ਫੈਸਲੇ ਨਾਲ ਸ ਢਿੱਲੋਂ ਦੀ ਚੋਣ ਮੁਹਿੰਮ ਨੂੰ ਭਰਵਾ ਹੁੰਗਾਰਾ ਮਿਲਿਆ ਹੈ।
ਇਸ ਸਬੰਧ ਵਿੱਚ ਸ ਢਿੱਲੋਂ ਵੱਲੋਂ ਬੀਤੇ ਦਿਨ ਇਥੋਂ ਦੀ ਬੈਤੁਰ ਰਹਿਮਾਨ ਮਸਜਿਦ ਵਿੱਚ ਉਕਤ ਜਮਾਤ ਦੇ ਅਹੁਦੇਦਾਰਾਂ ਨਾਲ ਮੁਲਾਕਾਤ ਕਰਕੇ ਉਹਨਾਂ ਨਾਲ ਸੰਬੰਧਿਤ ਕਈ ਅਹਿਮ ਨੁਕਤਿਆਂ ਤੇ ਵਿਚਾਰ ਵਟਾਂਦਰਾ ਕੀਤਾ।ਗਿਆ ਇਸ ਮੌਕੇ ਤੇ ਸੰਬੋਧਨ ਕਰਦਿਆਂ ਉਕਤ ਜਮਾਤ ਦੇ ਵੱਖ-ਵੱਖ ਬੁਲਾਰਿਆਂ ਵੱਲੋਂ ਉਹਨਾਂ ਦੇ ਭਾਈਚਾਰੇ ਨੂੰ ਦਰਪੇਸ਼ ਵੱਖ-ਵੱਖ ਸਮੱਸਿਆ ਬਾਰੇ ਜਾਣੂ ਕਰਵਾਇਆ ਗਿਆ। ਜਿਸ ਮਗਰੋਂ ਸ ਢਿੱਲੋਂ ਵੱਲੋਂ ਉਕਤ ਭਾਈਚਾਰੇ ਨੂੰ ਕੰਜ਼ਰਵੇਟਿਵ ਪਾਰਟੀ ਦਾ ਸਾਥ ਦੇਣ ਦੀ ਅਪੀਲ ਕਰਦਿਆਂ ਭਰੋਸਾ ਦਵਾਇਆ ਗਿਆ ਕਿ ਭਵਿੱਖ ਵਿੱਚ ਉਹਨਾਂ ਦੇ ਭਾਈਚਾਰੇ ਨੂੰ ਦਰਪੇਸ਼ ਮੁਸ਼ਕਲਾਂ ਦਾ ਪਹਿਲ ਦੇ ਆਧਾਰ ਤੇ ਹੱਲ ਕੀਤਾ ਜਾਇਆ ਕਰੇਗਾ। ਇਸ਼ ਮੌਕੇ ਤੇ ਉਕਤ ਜਮਾਤ ਦੇ ਪ੍ਰਧਾਨ ਨਾਇਮ ਅਹਿਮਦ ਮਲਕ ਵੱਲੋਂ ਰਾਜਵੀਰ ਸਿੰਘ ਢਿੱਲੋਂ ਦੀ ਹਮਾਇਤ ਕਰਨ ਦਾ ਐਲਾਨ ਕਰਦਿਆਂ ਭਰੋਸਾ ਦਵਾਇਆ ਗਿਆ ਕਿ ਉਹਨਾਂ ਦਾ ਭਾਈਚਾਰਾ ਸ ਢਿੱਲੋਂ ਦੇ ਮੋਢੇ ਨਾਲ ਮੋਢਾ ਲਾ ਕੇ ਸਾਥ ਦਵੇਗਾ। ਹੋਰਨਾਂ ਤੋਂ ਇਲਾਵਾ ਇਸ ਮੌਕੇ ਤੇ ਤਾਹਿਰ ਘੁੰਮਣ, ਵਿਧਾਇਕ ਮਨਦੀਪ ਧਾਲੀਵਾਲ ,ਬਲਵੀਰ ਢੋਟ ,ਤੇਗਜੋਤ ਬਲ ਬਲਬੀਰ ਢੰਡ ,ਰਾਜਬੀਰ ਬਾਜਵਾ , ਸੁਖ ਚੀਮਾ ,ਸੰਦੀਪ ਤੂਰ ,ਜਗਦੀਪ ਸੰਧੂ, ਜੱਗੀ ਜੌਹਲ ,ਇਕਬਾਲ ਸੰਧੂ ,ਅਮਰੀਕ ਸਿੱਧੂ , ਰਿੱਕੀ ਬਾਜਵਾ ,ਦੀਪ ਰੰਧਾਵਾ ਅਤੇ ਪਰਮਿੰਦਰ ਸੁਨੱਖਾ ਆਦਿ ਹਾਜ਼ਰ ਸਨ।

# ਪੰਜਾਬ ਬਾਲ ਅਧਿਕਾਰ ਰੱਖਿਆ ਕਮਿਸ਼ਨ ਦੇ ਚੇਅਰਮੈਨ ਨੇ ਕੀਤੀ ਸਮੀਖਿਆ, ਸਖ਼ਤ ਨਿਰਦੇਸ਼ ਜਾਰੀ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜ**
ਚੇਅਰਮੈਨ ਪੰਜਾਬ ਰਾਜ ਬਾਲ ਅਧਿਕਾਰ ਰੱਖਿਆ ਕਮਿਸ਼ਨ, ਮੋਹਾਲੀ ਕਨਵਰਦੀਪ ਸਿੰਘ ਦੀ ਪ੍ਰਧਾਨਗੀ ਵਿੱਚ ਜਿਲ੍ਹਾ ਹੁਸ਼ਿਆਰਪੁਰ ਵਿੱਚ ਨਸ਼ੇ ਦੇ ਖਿਲਾਫ ਚਲਾਏ ਜਾ ਰਹੇ ਜੁਆਇੰਟ ਐਕਸ਼ਨ ਪਲਾਨ ਤਹਿਤ ਜਿਲ੍ਹੇ ਦੇ ਸਮੂਹ ਸਟੇਕਹੋਲਡਰਾਂ ਦੇ ਨਾਲ ਮੀਟਿੰਗ ਕੀਤੀ ਗਈ। ਇਸ ਮੀਟਿੰਗ ਦੌਰਾਨ ਜਿਲ੍ਹੇ ਵਿੱਚ 18 ਸਾਲ ਤੋ ਘੱਟ ਉਮਰ ਦੇ ਬੱਚਿਆਂ ਨੂੰ ਨਸ਼ਿਆਂ ਦੀ ਵਰਤੋਂ ਅਤੇ ਇਨ੍ਹਾਂ ਦੇ ਦੁਸ਼ਟ ਪ੍ਰਭਾਵਾਂ ਤੋਂ ਦੂਰ ਰੱਖਣ ਦੇ ਲਈ ਉਲੀਕੇ ਗਏ ਪਲਾਨ ਤਹਿਤ ਵੱਖ-ਵੱਖ ਸਟੇਕਹੋਲਡਰਾਂ ਵੱਲੋਂ ਕੀਤੇ ਗਏ ਕੰਮਾਂ ਦਾ ਜਾਇਜਾ ਲਿਆ ਗਿਆ। ਚੇਅਰਮੈਨ ਵਲੋਂ ਬੱਚਿਆਂ ਨੂੰ ਮੈਡੀਕਲ ਨਸ਼ਾ ਵੇਚੇ ਜਾਣ ਤੋਂ ਰੋਕਣ ਲਈ ਜਿਲ੍ਹੇ ਵਿੱਚ ਚੱਲ ਰਹੇ ਸਾਰੇ ਮੈਡੀਕਲ ਸਟੋਰਾਂ ਵਿੱਚ ਸੀ ਸੀ ਟੀ ਵੀ ਕੈਮਰੇ ਲਗਾਏ ਜਾਣ ਦੀ ਪ੍ਰਕਿਰਿਆ ਨੂੰ ਸਖਤੀ ਨਾਲ ਲਾਗੂ ਕਰਨ 'ਤੇ ਜੋਰ ਦਿੱਤਾ ਗਿਆ ਅਤੇ ਇਨ੍ਹਾਂ ਕੈਮਰਿਆਂ ਦੀ ਰੂਟੀਨ ਚੈਕਿੰਗ ਕਰਨ ਲਈ ਜਿਲ੍ਹਾ ਡਰੱਗ ਕੰਟਰੋਲ ਅਥਾਰਿਟੀ ਨੂੰ ਹਦਾਇਤ ਕੀਤੀ ਗਈ। ਚੇਅਰਮੈਨ ਨੇ ਜਿਲ੍ਹਾ ਸਿੱਖਿਆ ਅਫਸਰ ਨੂੰ ਹਦਾਇਤ ਕੀਤੀ ਕਿ ਸਕੂਲਾਂ ਵਿੱਚ ਬੱਚਿਆਂ ਦੇ ਜੋ ਪ੍ਰਹਾਰੀ ਕਲੱਬ ਬਣਾਏ ਗਏ ਹਨ ਉਨ੍ਹਾਂ ਵਿੱਚ ਬੱਚਿਆਂ ਨੂੰ ਜਾਗਰੂਕ ਕਰਨ ਲਈ ਲਗਾਤਾਰ ਗਤੀਵਿਧੀਆਂ ਕਰਵਾਈਆਂ ਜਾਣ ਤਾਂ ਜੋ ਬੱਚੇ ਨਸ਼ਿਆਂ ਦੇ ਦੁਸ਼ਟ ਪ੍ਰਭਾਵਾਂ ਤੋਂ ਜਾਣੂ ਹੋ ਸਕਣ ਅਤੇ ਵੱਧ ਤੋਂ ਵੱਧ ਬੱਚਿਆਂ ਨੂੰ ਸਕੂਲ ਸਮੇਂ ਤੋਂ ਬਾਅਦ ਖੇਡਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਜਾਵੇ ਅਤੇ ਬੱਚਿਆਂ ਦੇ ਲਈ ਖੇਡ ਕੋਚਾਂ ਦਾ ਵੀ ਪ੍ਰਬੰਧ ਕੀਤਾ ਜਾਵੇ। ਇਸ ਕੰਮ ਦੇ ਲਈ ਉਨ੍ਹਾਂ ਸਿੱਖਿਆ ਵਿਭਾਗ ਅਤੇ ਖੇਡ ਵਿਭਾਗ ਨੂੰ ਆਪਣਾ ਵੱਧ ਤੋਂ ਵੱਧ ਯੋਗਦਾਨ ਦੇਣ ਲਈ ਹਦਾਇਤ ਕੀਤੀ ਗਈ। ਚੇਅਰਪਰਸਨ ਦੁਆਰਾ ਜਿਲ੍ਹਾ ਐਕਸਾਈਜ਼ ਅਫਸਰ ਨੂੰ ਹਦਾਇਤ ਕੀਤੀ ਗਈ ਕਿ ਇਹ ਸੁਨਿਸ਼ਚਿਤ ਕੀਤਾ ਜਾਵੇ ਕਿ ਜਿਲੇ ਦੇ ਕਿਸੇ ਵੀ ਸਕੂਲ ਦੇ ਸੌ ਗਜ ਘੇਰੇ ਦੇ ਅੰਦਰ ਕੋਈ ਵੀ ਸ਼ਰਾਬ ਜਾਂ ਤੰਬਾਕੂ ਉਤਪਾਦ ਵੇਚਣ ਵਾਲੀ ਕੋਈ ਦੁਕਾਨ ਨਾ ਹੋਵੇ। ਮੀਟਿੰਗ ਦੌਰਾਨ ਸਿਵਲ ਸਰਜਨ ਹੁਸ਼ਿਆਰਪੁਰ ਵੱਲੋਂ ਦੱਸਿਆ ਗਿਆ ਕਿ ਜਿਲ੍ਹੇ ਵਿੱਚ ਜਨਤਕ ਸਥਾਨਾਂ ਉੱਤੇ ਸਿਗਰਟਨੋਸ਼ੀ ਕਰਨ ਵਾਲਿਆਂ ਦੇ ਲਗਾਤਾਰ ਚਲਾਨ ਵੀ ਕੀਤੇ ਜਾ ਰਹੇ ਹਨ ਅਤੇ ਇਸ ਸਬੰਧੀ ਵੱਖ-ਵੱਖ ਵਿਭਾਗਾਂ ਨੂੰ ਚਲਾਨ ਬੁੱਕ ਵੀ ਜਾਰੀ ਕੀਤੀਆਂ ਜਾ ਚੁੱਕੀਆਂ ਹਨ। ਚੇਅਰਪਸਨ ਵਲੋਂ ਸਿਹਤ ਵਿਭਾਗ ਨੂੰ ਨਸ਼ਿਆਂ ਦਾ ਸੇਵਨ ਕਰਨ ਵਾਲੇ ਬੱਚਿਆਂ ਦੀ ਸ਼ਨਾਖਤ ਕਰਕੇ ਉਨ੍ਹਾਂ ਨੂੰ ਰੀਹੈਬਲੀਟੇਸ਼ਨ ਸੈਂਟਰਾਂ ਵਿੱਚ ਦਾਖਲ ਕਰਕੇ ਇਲਾਜ ਕੀਤਾ ਜਾਵੇ ਅਤੇ ਸਫਲਤਾ ਪੂਰਵਕ ਇਲਾਜ ਕਰਵਾ ਚੁੱਕੇ ਬੱਚਿਆਂ ਦਾ ਫੋਲੋ ਅਪ ਵੀ ਕੀਤਾ ਜਾਵੇ।

# ਮੰਦਰ ਦੀ ਇਮਾਰਤ ਉੱਤੇ ਨਫਰਤੀ ਸ਼ਬਦਾਵਲੀ ਲਿਖੇ ਜਾਣ ਦਾ ਮਾਮਲਾ

## ਦੋਸੀਆਂ ਵਿਰੁੱਧ ਠੋਸ ਕਾਰਵਾਈ ਦੀ ਮੰਗ ਨੂੰ ਲੈ ਕੇ ਪ੍ਰਬੰਧਕਾਂ ਵੱਲੋਂ ਰੋਸ ਦਾ ਪ੍ਰਗਟਾਵਾ

**ਵੈਨਕੂਵਰ, (ਮਲਕੀਤ ਸਿੰਘ)**–ਪਿਛਲੇ ਦਿਨੀ ਪੰਜਾਬੀਆਂ ਦੀ ਸੰਘਣੀ ਆਬਾਦੀ ਵਾਲੇ ਸਰੀ ਸ਼ਹਿਰ ਦੀ 140 ਸਟਰੀਟ ਤੇ ਸਥਿਤ ਪ੍ਰਸਿੱਧ ਲਕਸ਼ਮੀ ਨਰਾਇਣ ਮੰਦਰ ਦੀ ਇਮਾਰਤ ਤੇ ਕੁਝ ਅਗਿਆਤ ਵਿਅਕਤੀਆਂ ਵੱਲੋਂ ਨਫਰਤੀ ਸ਼ਬਦਾਵਲੀ ਲਿਖੇ ਜਾਣ ਦੀਆਂ ਘਟਨਾਵਾਂ ਵਾਪਰਨ ਮਗਰੋਂ ਦੋਸੀਆਂ ਦੀ ਸ਼ਨਾਖਤ ਕਰਕੇ ਉਨਾਂ ਵਿਰੁੱਧ ਕਾਨੂੰਨੀ ਕਾਰਵਾਈ ਦੀ ਮੰਗ ਨੂੰ ਲੈ ਕੇ ਮੰਦਰ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਵੱਲੋਂ ਤਿਖੇ ਰੋਸ ਦਾ ਪ੍ਰਗਟਾਵਾ ਕੀਤਾ ਗਿਆ। ਇਸ ਸਬੰਧੀ ਅੱਜ ਬੁਲਾਏ ਗਏ ਇੱਕ ਪੱਤਰਕਾਰ ਸੰਮੇਲਨ ਦੌਰਾਨ ਮੰਦਰ ਪ੍ਰਬੰਧਕਾਂ ਵੱਲੋਂ ਹੋਰ ਵੇਰਵੇ ਸਾਂਝੇ ਕਰਦਿਆਂ ਅਜਿਹੀਆਂ ਮੰਦਭਾਗੀਆਂ ਘਟਨਾਵਾਂ ਦੇ ਵਾਰ-ਵਾਰ ਵਾਪਰਨ ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ। ਅਤੇ ਰੋਸ ਜਤਾਉਂਦਿਆਂ ਦੋਸ਼ੀਆਂ ਵਿਰੁੱਧ ਤੁਰੰਤ ਸਖਤ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਦੁਹਰਾਈ ਗਈ। ਇਸ ਮੌਕੇ ਤੇ ਸਰੀ ਦੀ ਮੇਅਰ ਬ੍ਰੈਂਡਾਂ ਲੋਕ ਨੇ ਭਰੋਸਾ ਦਵਾਇਆ ਕਿ ਪੁਲਿਸ ਪ੍ਰਸ਼ਾਸਨ ਨਾਲ ਮਿਲ ਕੇ ਸਰੀ ਵਿੱਚ ਕਾਨੂੰਨ ਵਿਵਸਥਾ ਲਾਗੂ ਰੱਖਣਾ ਅਤੇ ਭਵਿੱਖ ਚ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਹਰ ਸੰਭਵ ਯਤਨ ਕੀਤੇ ਜਾਣਗੇ। ਇਸ ਮੌਕੇ ਤੇ ਡਿਪਟੀ ਪ੍ਰੀਮੀਅਰ ਅਤੇ ਅਟਾਰਨੀ ਜਨਰਲ ਨਿੱਕੀ ਸ਼ਰਮਾ ਨੇ ਅਜਿਹੀਆਂ ਘਟਨਾਵਾਂ ਦੀ ਬਰੀਕੀ ਨਾਲ ਪੜਤਾਲ ਕਰਵਾਉਣ ਦਾ ਵਿਸ਼ਵਾਸ ਪ੍ਰਗਟਾਇਆ ਇਸ ਮੌਕੇ ਤੇ ਮੌਜੂਦ ਸਰੀ ਪੁਲਿਸ ਦੇ ਮੁਖੀ ਨੌਰਮ ਲਪਿੰਸਕੀ ਨੇ ਦੱਸਿਆ ਕਿ ਉਹ ਅਜਿਹੀਆਂ ਘਟਨਾਵਾਂ ਕਾਰਨ ਆਮ ਲੋਕਾਂ ਚ ਬਣੀ ਚਿੰਤਾ ਤੋਂ ਚੰਗੀ ਤਰ੍ਹਾਂ ਜਾਣੂ ਹਨ ਅਤੇ ਇਸ ਸਬੰਧੀ ਪੁਲਿਸ ਵੱਲੋਂ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ। ਜਿਸ ਦੇ ਕਿ ਅਗਲੇ ਦਿਨਾਂ ਵਿੱਚ ਸਾਰਥਕ ਸਿੱਟੇ ਨਿਕਲਣ ਦੀ ਆਸ ਹੈ।।

# ਪਹਿਲਗਾਮ 'ਚ ਸੈਲਾਨੀਆਂ 'ਤੇ ਅੱਤਵਾਦੀਆਂ ਨੇ ਹਮਲਾ ਕੀਤਾ

ਜੰਮੂ ਕਸ਼ਮੀਰ ਵਿੱਚ ਪਹਿਲਗਾਮ ਵਿੱਚ ਮਾਨਵ ਵਿਰੋਧੀਆਂ ਨੇ ਨਿਹੱਥੇ ਸੈਲਾਨੀਆ 'ਤੇ ਗੋਲੀਆਂ ਮਾਰ ਕੇ ਉਹਨਾਂ ਨੂੰ ਸਦਾ ਦੀ ਨੀਂਦ ਸੁਲਾ ਦਿੱਤਾ ਹੈ। ਅੱਤਵਾਦੀਆਂ ਨੇ ਮਜਹਬ ਪੁੱਛ ਕੇ ਗੋਲੀਆਂ ਮਾਰੀਆਂ ਹਨ। ਇਹ ਘਟਨਾ ਬੜੀ ਦਰਦਨਾਕ,ਦਿਲ ਕੰਬਾਊ ਤੇ ਭਿਆਨਕ ਵਾਪਰੀ ਹੈ। ਜਿਸ ਦੀ ਅਸੀਂ ਘੋਰ ਸ਼ਬਦਾਂ ਵਿੱਚ ਨਿੰਦਾ ਕਰਦੇ ਹਾਂ। ਕੇਂਦਰ ਸਰਕਾਰ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜ਼ਾ ਦੇਵੇ ,ਜਿਸ ਨਾਲ ਉਹਨਾਂ ਦਾ ਦੋਬਾਰਾ ਅਜਿਹਾ ਕਰਨ ਦਾ ਹੌਸਲਾ ਨਾ ਪਵੇ।

ਵਿਸ਼ਵ ਪ੍ਰਸਿੱਧ ਸੈਰ ਸਪਾਟਾ ਕੇਂਦਰ ਪਹਿਲਗਾਮ ਵਿੱਚ ਸੈਲਾਨੀਆਂ 'ਤੇ ਹੋਏ ਹੁਣ ਤੱਕ ਦੇ ਸਭ ਤੋਂ ਵੱਡੇ ਅੱਤਵਾਦੀ ਹਮਲੇ ਦੌਰਾਨ 22 ਅਪ੍ਰੈਲ 2025, ਦਿਨ ਮੰਗਲਵਾਰ, ਦੁਪਹਿਰ 3 ਵਜੇ ਦੇ ਕਰੀਬ,30 ਤੋਂ ਵੱਧ ਸੈਲਾਨੀਆਂ ਦੀ ਹੱਤਿਆ ਕਰ ਦਿੱਤੀ ਗਈ । ਜਿਨ੍ਹਾਂ ਵਿੱਚ 2 ਵਿਦੇਸ਼ੀ ਵੀ ਸ਼ਾਮਿਲ ਹਨ ।ਅੱਤਵਾਦੀਆਂ ਨੇ ਸੈਲਾਨੀਆਂ 'ਤੇ 50 ਤੋਂ ਵੱਧ ਗੋਲੀਆਂ ਚਲਾਈਆਂ ।ਇੱਕ ਦਰਜਨ ਵਿਅਕਤੀ ਜ਼ਖ਼ਮੀ ਵੀ ਹੋਏ ਹਨ। ਅੱਤਵਾਦੀਆਂ ਨੇ ਮਜਹਬ ਪੁੱਛ ਕੇ ਗੋਲੀਆਂ ਮਾਰੀਆਂ । ਸੈਲਾਨੀਆਂ ਨੂੰ ਨਿਸ਼ਾਨਾ ਬਣਾਉਣ ਵਾਲੇ 5-6 ਅੱਤਵਾਦੀ ਪੁਲਿਸ ਦੀ ਵਰਦੀ ਵਿੱਚ ਸਨ। ਜਿਸ ਕਰਕੇ ਸਥਾਨਕ ਲੋਕਾਂ ਦੇ ਨਾਲ ਨਾਲ ਸੈਲਾਨੀ ਵੀ ਉਹਨਾਂ ਦੇ ਅੱਤਵਾਦੀ ਹੋਣ ਦਾ ਅੰਦਾਜ਼ਾ ਨਹੀਂ ਲਾ ਸਕੇ। ਕੇਂਦਰ ਸਰਕਾਰ ਨੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦੀ ਜਾਂਚ ਐਨ.ਆਈ.ਏ . ਨੂੰ ਸੌਂਪੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਹਦਾਇਤਾਂ 'ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸ੍ਰੀਨਗਰ ਪਹੁੰਚ ਕੇ ਫੌਜ ਤੇ ਹੋਰ ਸੁਰੱਖਿਆ ਏਜੰਸੀਆਂ ਦੇ ਅਧਿਕਾਰੀਆਂ ਨਾਲ ਬੈਠਕ ਕੀਤੀ ਤੇ ਹਾਲਾਤ ਦੀ ਜਾਣਕਾਰੀ ਲਈ । ਜ਼ਖਮੀਆਂ ਦੇ ਬੇਹਤਰ ਇਲਾਜ ਤੇ ਮ੍ਰਿਤਕਾਂ ਨੂੰ ਉਹਨਾਂ ਦੇ ਘਰਾਂ ਤੱਕ ਪਹੁੰਚਾਉਣ ਦਾ ਇੰਤਜ਼ਾਮ ਕਰਨ ਦੇ ਹੁਕਮ ਜਾਰੀ ਕੀਤੇ। ਗ੍ਰਹਿ ਮੰਤਰੀ ਨੇ ਕਿਹਾ ਕਿ "ਅੱਤਵਾਦੀਆਂ ਨੂੰ ਬਖਸ਼ਿਆ ਨਹੀਂ ਜਾਵੇਗਾ।" ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ "ਨਿਰਦੋਸ਼ ਨਾਗਰਿਕਾਂ 'ਤੇ ਹਮਲਾ ਕਾਇਰਤਾ ਪੂਰਨ ਅਤੇ ਅਤੀ ਨਿੰਦਣਯੋਗ ਕਾਰਵਾਈ ਹੈ।" ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਸ ਘਟਨਾ ਬਾਰੇ ਕਿਹਾ ਕਿ " ਅੱਤਵਾਦ ਵਿਰੁੱਧ ਲੜਾਈ ਵਿੱਚ ਅਮਰੀਕਾ ਭਾਰਤ ਦੇ ਨਾਲ ਹੈ। ਮਾਰੇ ਗਏ ਲੋਕਾਂ ਦੇ ਪਰਿਵਾਰਾਂ ਪ੍ਰਤੀ ਸਾਡੀ ਸੰਵੇਦਨਾ ਹੈ। ਅਮਰੀਕਾ ਇਸ ਘਟਨਾ 'ਤੇ ਨੇੜਿਓ ਨਜ਼ਰ ਰੱਖ ਰਿਹਾ ਹੈ। ਉਮੀਦ ਹੈ ਕਿ ਦੋਸ਼ੀਆਂ ਨੂੰ ਸਜ਼ਾ ਮਿਲੇਗੀ।" ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਇਸ ਘਟਨਾ ਬਾਰੇ ਕਿਹਾ ਕਿ " ਮੈਂ ਹੈਰਾਨ ਹਾਂ। ਸਾਡੇ ਸੈਲਾਨੀਆਂ 'ਤੇ ਇਹ ਹਮਲਾ ਘਿਨਾਉਣਾ ਹੈ ।ਇਸ ਹਮਲੇ ਦੇ ਦੋਸ਼ੀ ਜਾਨਵਰ ਹਨ ,ਅਣਮਨੁੱਖੀ ਹਨ ਅਤੇ ਨਫਰਤ ਦੇ ਲਾਇਕ ਹਨ। ਇਸ ਦੀ ਨਿੰਦਾ ਕਰਨ ਲਈ ਕੋਈ ਵੀ ਸ਼ਬਦ ਕਾਫੀ ਨਹੀਂ ਹੈ। ਮੈਂ ਮ੍ਰਿਤਕਾਂ ਦੇ ਪਰਿਵਾਰਾਂ ਪ੍ਰਤੀ ਆਪਣੀ ਸੰਵੇਦਨਾ ਪ੍ਰਗਟ ਕਰਦਾ ਹਾਂ।"

ਰਾਹੁਲ ਗਾਂਧੀ ਨੇ ਇਸ ਘਟਨਾ ਦੀ ਨਿਖੇਧੀ ਕਰਦਿਆਂ ਕਿਹਾ ਕਿ," ਸਰਕਾਰ ਕੋਕਲੇ ਵਾਅਦਿਆਂ ਦੀ ਥਾਂ ਠੋਸ ਕਦਮ ਚੁੱਕੇ। " ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਕਿਹਾ ਕਿ " ਦੁਨੀਆ ਦੇ ਕਿਸੇ ਵੀ ਕੋਨੇ ਤੱਕ ਪਹਿਲਗਾਮ ਦੇ ਹਮਲਾਵਰਾਂ ਦਾ ਪਿੱਛਾ ਕਰਾਂਗੇ। ਅੱਤਵਾਦ ਕਦੇ ਵੀ ਭਾਰਤ ਦੇ ਮਨੋਬਲ ਨੂੰ ਨਹੀਂ ਤੋੜ ਸਕੇਗਾ।" ਉਹਨਾਂ ਕਿਹਾ ਕਿ ਇਨਸਾਫ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ ।ਪੂਰਾ ਦੇਸ਼ ਇਸ ਲਈ ਦ੍ਰਿੜ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ 140 ਕਰੋੜ ਦੇਸ਼ ਵਾਸੀਆਂ ਦਾ ਦ੍ਰਿੜ ਇਰਾਦਾ ਅੱਤਵਾਦ ਦਾ ਲੱਕ ਤੋੜ ਦੇਵੇਗਾ। ਮੋਦੀ ਨੇ ਕਿਹਾ ਕਿ ਮਨੁੱਖਤਾ ਵਿੱਚ ਭਰੋਸਾ ਰੱਖਣ ਵਾਲੇ ਸਾਰੇ ਲੋਕ ਸਾਡੇ ਨਾਲ ਹਨ। ਮੈਂ ਸਾਡੇ ਨਾਲ ਇਸ ਮੌਕੇ 'ਤੇ ਖੜੇ ਸਾਰੇ ਲੋਕਾਂ ਅਤੇ ਵੱਖ -ਵੱਖ ਦੇਸ਼ਾਂ ਤੋਂ ਨੇਤਾਵਾਂ ਦਾ ਧੰਨਵਾਦ ਕਰਦਾ ਹਾਂ। ਜਿਕਰਯੋਗ ਕੇ ਜੰਮੂ ਕਸ਼ਮੀਰ ਦੀ ਅਰਥ ਵਿਵਸਥਾ ਸੈਰ ਸਪਾਟੇ ਤੇਰੀ ਨਿਰਭਰ ਹੈ। ਦੇਸ਼ -ਵਿਦੇਸ਼ ਤੋਂ ਵੱਡੀ ਗਿਣਤੀ ਵਿੱਚ ਸੈਲਾਨੀ ਸੈਰ ਸਪਾਟੇ ਦੇ ਮੌਸਮ ਵਿੱਚ ਇੱਥੇ ਆਉਂਦੇ ਹਨ। ਜਿਸ ਕਾਰਨ ਇਥੋਂ ਦੇ ਘੋੜੇ ਪਿੱਠੂ ਅਤੇ ਪਾਲਕੀ ਵਾਲਿਆਂ ਸ਼ਿਕਾਰਾ ਚਲਾਉਣ ਵਾਲਿਆਂ ਅਤੇ ਹੋਟਲ ਮਾਲਕਾਂ ਨੂੰ ਇਸ ਦਾ ਕਾਫੀ ਲਾਭ ਹੁੰਦਾ ਹੈ। ਇਸ ਘਟਨਾ ਦੇ ਸਿੱਟੇ ਵਜੋਂ ਸੂਬੇ ਵਿੱਚ ਸੈਰ ਸਪਾਟੇ ਨੂੰ ਭਾਰੀ ਸੱਟ ਵੱਜੇਗੀ ਅਤੇ ਸੂਬੇ ਵਿੱਚ ਜਾਰੀ ਵਿਕਾਸ ਸਰਗਰਮੀਆਂ ਨੂੰ ਠੇਸ ਪਹੁੰਚੇਗੀ। ਇਸ ਹਮਲੇ ਨਾਲ ਡਲ ਝੀਲ ਵਿੱਚ ਹਾਊਸ ਬੋਟਸ ਆਦਿ ਵਿੱਚ ਕੀਤੀ ਗਈ ਤਮਾਮ ਬੁਕਿੰਗ ਵੀ ਪ੍ਰਭਾਵਿਤ ਹੋਵੇਗੀ। ਜਿਸ ਨਾਲ ਸਥਾਨਕ ਲੋਕਾਂ ਦੀ ਆਮਦਨ ਅਤੇ ਰੁਜ਼ਗਾਰ 'ਤੇ ਵੀ ਪ੍ਰਭਾਵ ਪਵੇਗਾ। ਸੋ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜ਼ਾਵਾਂ ਦਿੱਤੀਆਂ ਜਾਣ। ਉਹਨਾਂ ਦੀ ਗ੍ਰਿਫਤਾਰੀ ਜਲਦੀ ਤੋਂ ਜਲਦੀ ਕੀਤੀ ਜਾਵੇ। ਤਾਂ ਕਿ ਪੀੜਤਾਂ ਨੂੰ ਇਨਸਾਫ ਮਿਲੇ। ਪੀੜਤਾਂ ਦੀ ਹਰ ਸੰਭਵ ਮਦਦ ਕੀਤੀ ਜਾਣੀ ਚਾਹੀਦੀ ਹੈ।

**ਪ੍ਰਿੰਸੀਪਲ ਪਰਮਜੀਤ ਜੱਸਲ**
**98721-80653**

# ਕੀ ਪੰਜਾਬ ਵਿੱਚ ਬੇਰੁਜ਼ਗਾਰੀ ਹੈ?

ਅੱਜ ਸਾਡੇ ਪੰਜਾਬ ਨੂੰ ਬੇਰੁਜ਼ਗਾਰੀ ਬਹੁਤ ਵੱਡਾ ਮੁੱਦਾ ਬਣਿਆ ਹੋਇਆ। ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਵਾਕਿਆ ਹੀ ਪੰਜਾਬ ਵਿੱਚ ਬੇਰੁਜ਼ਗਾਰੀ ਹੈ ਜਾਂ ਇਹ ਸਿਰਫ ਸਾਡਾ ਮਾਈਂਡ ਸੈੱਟ ਹੈ। ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਅਸਲ ਵਿੱਚ ਪੰਜਾਬ ਵਿੱਚ ਏਨੇ ਸਾਧਨ ਹਨ ਅਤੇ ਪੰਜਾਬ ਦੇ ਲੋਕ ਇੰਨੇ ਖੁਸ਼ਹਾਲ ਹਨ ਕਿ ਇੱਥੇ ਬੇਰੁਜ਼ਗਾਰੀ ਹੋ ਹੀ ਨਹੀਂ ਸਕਦੀ। ਜੇ ਪੰਜਾਬ ਵਿੱਚ ਬੇਰੁਜ਼ਗਾਰੀ ਹੋਵੇ ਤਾਂ ਪ੍ਰਵਾਸੀ ਮਜ਼ਦੂਰ ਇੱਥੇ ਆ ਕੇ ਕੰਮ ਕਿਉਂ ਕਰਨ। ਅਸੀਂ ਪ੍ਰਵਾਸੀ ਮਜ਼ਦੂਰਾਂ ਨੂੰ ਨਫਰਤ ਦੀ ਨਿਗਾਹ ਨਾਲ ਦੇਖਦੇ ਹਾਂ ਤੇ ਕਹਿੰਦੇ ਹਾਂ ਕਿ ਇਹਨਾਂ ਨੂੰ ਪੰਜਾਬ ਵਿੱਚ ਨਹੀਂ ਆਉਣ ਦੇਣਾ ਚਾਹੀਦਾ। ਇਹਨਾਂ ਨੇ ਸਾਡੇ ਰੁਜ਼ਗਾਰ ਖੋਹ ਲਏ ਹਨ।

ਅਸੀਂ ਵੇਖਦੇ ਹਾਂ ਕਿ ਅੱਜ ਹਰ ਪਾਸੇ ਪ੍ਰਵਾਸੀ ਮਜ਼ਦੂਰ ਮਿਹਨਤ ਕਰਕੇ ਆਪਣਾ ਤੇ ਆਪਣੇ ਪਰਿਵਾਰਾਂ ਦਾ ਪੇਟ ਪਾਲ ਰਿਹਾ ਜੇਕਰ ਅੱਜ ਅਸੀਂ ਘਰ ਵਿੱਚ ਕੋਈ ਮਜ਼ਦੂਰ ਜਾਂ ਮਿਸਤਰੀ ਲਾਉਣਾ ਹੋਵੇ ਤਾਂ ਸਾਨੂੰ ਸੌਖਿਆ ਕੋਈ ਮਜ਼ਦੂਰ ਜਾਂ ਮਿਸਤਰੀ ਨਹੀਂ ਮਿਲਦਾ ਬਲਕਿ ਹਫਤਾ 10 ਦਿਨ ਦੀ ਭਕਾਈ ਤੋਂ ਬਾਅਦ ਹੀ ਕੋਈ ਮਜ਼ਦੂਰ ਜਾਂ ਮਿਸਤਰੀ ਮਿਲਦਾ ਹੈ। ਜੇਕਰ ਸਾਨੂੰ ਪਿੰਡ ਵਿੱਚ ਕੋਈ ਪਲੰਬਰ, ਇਲੈਕਟਰੀਸ਼ਨ ਜਾਂ ਕਾਰਪੈਂਟਰ ਦੀ ਲੋੜ ਪੈ ਜਾਵੇ ਤਾਂ ਸਾਨੂੰ ਕਈ ਕਈ ਫੋਨ ਕਰਨੇ ਪੈਂਦੇ ਹਨ ਤਾਂ ਕਿਤੇ ਜਾ ਕੇ ਉਹ ਸਮਾਂ ਕੱਢ ਪਾਉਂਦਾ ਹੈ, ਕਿਉਂਕਿ ਉਸ ਕੋਲ ਸਮਾਂ ਹੈ ਹੀ ਨਹੀਂ ਹੈ। ਜੇਕਰ ਘਰ ਵਿੱਚ ਮੇਡ ਲਾਉਣੀ ਹੋਵੇ ਤਾਂ ਸਾਨੂੰ ਕਈ ਕਈ ਮਹੀਨੇ ਨਹੀਂ ਮਿਲਦੀ। ਫਿਰ ਅਸੀਂ ਕਿਵੇਂ ਕਹਿ ਸਕਦੇ ਹਾਂ ਕਿ ਪੰਜਾਬ ਵਿੱਚ ਬੇਰੁਜ਼ਗਾਰੀ ਹੈ।

ਅਸਲ ਵਿੱਚ ਸਾਡੇ ਲੋਕਾਂ ਦੀ ਇਹ ਕਮਜ਼ੋਰੀ ਬਣ ਚੁੱਕੀ ਹੈ ਕਿ ਅਸੀਂ ਕੰਮ ਕਰਨ ਵਿੱਚ ਸ਼ਰਮ ਮਹਿਸੂਸ ਕਰਦੇ ਹਾਂ ਅਤੇ ਸਾਫ ਸੁਥਰਾ,ਵੱਧ ਪੈਸਿਆਂ ਵਾਲਾ ਅਤੇ ਕੁਰਸੀ ਤੇ ਬੈਠਣ ਵਾਲਾ ਕੰਮ ਕਰਨਾ ਚਾਹੁੰਦੇ ਹਾਂ। ਜਦੋਂ ਕਿ ਪਰਵਾਸੀ ਲੋਕ ਮਿਹਨਤ ਕਰਨ ਵਿੱਚ ਕੋਈ ਸ਼ਰਮ ਮਹਿਸੂਸ ਨਹੀਂ ਕਰਦੇ। ਅੱਜ ਦੀ ਨੌਜਵਾਨ ਪੀੜ੍ਹੀ ਨੂੰ ਮੋਬਾਇਲਾਂ ਤੇ ਨਸ਼ਿਆਂ ਨੇ ਪੱਟ ਕੇ ਰੱਖ ਦਿੱਤਾ ਹੈ ਭਾਵੇਂ ਉਹਨਾਂ ਕੋਲ ਰੁਜ਼ਗਾਰ ਨਹੀਂ ਪਰ ਉਹਨਾਂ ਕੋਲ ਬਰਾਂਡਡ ਕੱਪੜੇ, ਮਹਿੰਗੇ ਆਈਫੋਨ ਅਤੇ ਮਹਿੰਗੇ ਮੋਟਰਸਾਈਕਲ ਜਰੂਰ ਹਨ।




ਕੁਝ ਦਿਨ ਪਹਿਲਾਂ ਜਦੋਂ ਮੈਂ ਮੋਹਾਲੀ ਗਿਆ ਉਥੇ ਸਿੱਖਿਆ ਭਵਨ ਦੇ ਦਫਤਰ ਕੋਲ ਬਹੁਤ ਸਾਰੇ ਅਜਿਹੇ ਪ੍ਰਵਾਸੀ ਲੋਕ ਸਨ ਜੋ ਜ਼ਮੀਨ ਤੇ ਆਰਜੀ ਟੈਂਟ ਲਗਾ ਕੇ ਚਾਹ ਜਾਂ ਢਾਬੇ ਦਾ ਕੰਮ ਕਰ ਰਹੇ ਸਨ। ਜਿਸ ਵਿੱਚ ਉਹਨਾਂ ਦਾ ਪੂਰਾ ਪਰਿਵਾਰ ਸਮੇਤ ਔਰਤਾਂ ਤੇ ਬੱਚੇ ਕੰਮ ਕਰ ਰਹੇ ਸਨ। ਉਹਨਾਂ ਵਿੱਚੋਂ ਕਿਸੇ ਕੋਲ ਕੋਈ ਮੋਬਾਈਲ ਨਹੀਂ ਸੀ।ਉਹ ਮਿਹਨਤ ਨਾਲ ਰੋਜ਼ਾਨਾ ਚੌਖੀ ਕਮਾਈ ਕਰ ਰਹੇ ਹਨ।

ਸਾਡੀ ਬਦਕਿਸਮਤੀ ਹੈ ਕਿ ਅਸੀਂ ਇਥੇ ਮਿਹਨਤ ਵਾਲੇ ਕੰਮ ਨੂੰ ਕਰਨਾ ਆਪਣੀ ਹੇਠੀ ਸਮਝਦੇ ਹਾਂ ਤੇ ਬਾਹਰਲੇ ਦੇਸ਼ਾਂ ਵਿੱਚ ਜਾ ਕੇ ਇਹੀ ਕੰਮ ਕਰਨਾ ਆਪਣੇ ਸ਼ਾਨ ਸਮਝਦੇ ਹਾਂ। ਸਾਨੂੰ ਪੰਜਾਬ ਵਿੱਚ ਹੀ ਕੰਮ ਦੀ ਕੋਈ ਕਮੀ ਨਹੀਂ ਅਸਲ ਵਿੱਚ ਸੱਚ ਤਾਂ ਇਹ ਹੈ ਕਿ ਅਸੀਂ ਕੰਮ ਕਰਨਾ ਹੀ ਨਹੀਂ ਚਾਹੁੰਦੇ। ਅੱਜ ਬਾਜ਼ਾਰਾਂ ਵਿੱਚ ਜਾ ਕੇ ਦੇਖੀਏ ਤਾਂ ਪ੍ਰਵਾਸੀ ਮਜ਼ਦੂਰ ਸਬਜ਼ੀਆਂ ਦੀਆਂ ਰੇਹੜੀਆਂ ਲਗਾ ਕੇ ਰੋਜ਼ਾਨਾ ਪੰਜ ਸੌ ਤੋਂ ਹਜ਼ਾਰ ਰੁਪਏ ਕਮਾ ਰਹੇ ਹਨ। ਖਾਣ ਪੀਣ ਦੇ ਸਾਰੇ ਕੰਮਾਂ ਤੇ ਪ੍ਰਵਾਸੀਆਂ ਦਾ ਕਬਜ਼ਾ ਹੈ। ਫੈਕਟਰੀਆਂ, ਮੰਡੀਆਂ, ਖੇਤਾਂ,ਪੈਲਸਾਂ ਵਿੱਚ ਸਾਨੂੰ ਹਰ ਜਗ੍ਹਾ ਪਰਵਾਸੀ ਮਜ਼ਦੂਰ ਹੀ ਕੰਮ ਕਰਦੇ ਦਿਖਾਈ ਦੇਣਗੇ। ਪੰਜਾਬੀ ਬਹੁਤ ਘੱਟ ਨਜ਼ਰ ਆਉਣਗੇ।

ਸਾਡੇ ਪੰਜਾਬੀਆਂ ਨੂੰ ਇਹ ਸਮਝਣ ਤੇ ਸੋਚ ਵਿਚਾਰ ਕਰਨ ਦਾ ਸਮਾਂ ਹੈ ਕਿ ਕੀ ਪ੍ਰਵਾਸੀ ਮਜ਼ਦੂਰਾਂ ਕਾਰਨ ਸਾਨੂੰ ਕੰਮ ਨਹੀਂ ਮਿਲਦਾ ਜਾਂ ਸਾਡੀ ਸੋਚ, ਆਲਸ ਤੇ ਫੁਕਰੇਪਨ ਨੇ ਸਾਨੂੰ ਹੱਡ ਹਰਾਮੀ ਬਣਾ ਦਿੱਤਾ ਹੈ ਇਸ ਕਰਕੇ ਕੰਮ ਨਹੀਂ ਮਿਲਦਾ। ਕਿਸੇ ਸਮੇਂ ਪੰਜਾਬ ਵਿੱਚ ਚਾਰੇ ਪਾਸੇ ਪੰਜਾਬੀ ਬੰਦਾ ਮਿਹਨਤ ਕਰਦਾ ਨਜ਼ਰ ਆਉਂਦਾ ਸੀ। ਪੰਜਾਬੀ ਲੋਕ ਮਿਹਨਤ ਨੂੰ ਆਪਣਾ ਧਰਮ ਸਮਝਦੇ ਸਨ। ਪਰ ਹੌਲੀ ਹੌਲੀ ਦੁਨੀਆਂ ਪਲਟਾ ਖਾ ਗਈ ਤੇ ਅੱਜ ਸਾਡੇ ਕੰਮਾਂ ਕਾਰਾਂ ਅਤੇ ਨੌਕਰੀਆਂ ਵਿੱਚ ਪ੍ਰਵਾਸੀ ਲੋਕਾਂ ਨੇ ਆਪਣੀ ਮਿਹਨਤ ਨਾਲ ਸਾਨੂੰ ਪਿੱਛੇ ਛੱਡ ਦਿੱਤਾ ਹੈ।ਅਸੀਂ ਬਾਬਾ ਨਾਨਕ ਦੇ ਸਿਧਾਂਤ ਕਿਰਤ ਕਰੋ ਤੋਂ ਭੱਜ ਚੁੱਕੇ ਹਾਂ। ਅੱਜ ਸਾਨੂੰ ਦੁਬਾਰਾ ਆਪਣਾ ਵਕਾਰ ਬਹਾਲ ਕਰਾਉਣ ਲਈ ਗੁਰੂ ਦੇ ਸਿਧਾਂਤਾਂ ਤੇ ਪਹਿਰਾ ਦੇਣਾ ਪਵੇਗਾ ਤੇ ਇਹ ਸੋਚ ਨੂੰ ਅਪਣਾਉਣਾ ਪਵੇਗਾ ਕਿ ਕੰਮ ਕੋਈ ਵੀ ਛੋਟਾ ਜਾਂ ਵੱਡਾ ਨਹੀਂ ਹੁੰਦਾ।ਪੰਜਾਬ ਦੇ ਕਿਸੇ ਵੀ ਕੋਨੇ ਵਿੱਚ ਬੇਰੁਜ਼ਗਾਰੀ ਨਹੀਂ ਹੈ ਬਸ ਸੋਚ ਬਦਲਣ ਦੀ ਲੋੜ ਹੈ। ਤੁਸੀਂ ਵੇਖੋਗੇ ਕਿ ਆਸੇ ਪਾਸੇ ਰੁਜ਼ਗਾਰ ਦੇ ਕਿੰਨੇ ਹੀ ਮੌਕੇ ਦਿਖਾਈ ਦੇਣ ਲੱਗ ਪੈਣਗੇ।



**ਚਰਨਜੀਤ ਸਿੰਘ ਮੁਕਤਸਰ**
**ਸੈਂਟਰ ਹੈੱਡ ਟੀਚਰ, ਸਰਕਾਰੀ ਪ੍ਰਾਇਮਰੀ ਸਕੂਲ ਝਬੇਲਵਾਲੀ, ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ।**
**ਮੋਬਾਈਲ ਨੰਬਰ 951300716**

# ਸਾਹਿਤ ਸਮਾਜ

## ਜਿੱਤ ਦੇ ਵਿਸ਼ਵਾਸ ਨਾਲ ਜੂਝਦੀ ਸ਼ਾਇਰੀ: ਰੀਝਾਂ ਦਾ ਅੰਬਰ

ਮਨਿੰਦਰ ਕੌਰ ਮਨ ਦਾ ਪਲੇਠਾ ਕਾਵਿ-ਸੰਗ੍ਰਹਿ 'ਰੀਝਾਂ ਦਾ ਅੰਬਰ' ਪੜ੍ਹਦਿਆਂ ਜਿੱਥੇ ਮੈਨੂੰ ਇੱਕ ਬਹੁਤ ਹੀ ਖ਼ੂਬਸੂਰਤ ਸ਼ਾਇਰੀ ਦਾ ਆਨੰਦ ਮਾਣਨ ਦਾ ਅਹਿਸਾਸ ਹੋਇਆ ਹੈ, ਉੱਥੇ ਉਨ੍ਹਾਂ ਦੇ ਇੱਕ ਪ੍ਰਤੀਬੱਧ ਅਤੇ ਪ੍ਰਪੱਕ ਕਵਿੱਤਰੀ ਹੋਣ ਦੀ ਤਸੱਲੀ ਵੀ ਹੋਈ ਹੈ। ਸ਼ਾਇਦ ਉਨ੍ਹਾਂ ਦੀ ਕਵਿਤਾ ਦਾ ਇਹੋ ਗੁਣ ਹੀ ਉਨ੍ਹਾਂ ਨੂੰ ਹੋਰਨਾਂ ਕਵਿੱਤਰੀਆਂ ਨਾਲੋਂ ਵਿਲੱਖਣਤਾ ਪ੍ਰਦਾਨ ਕਰਦਾ ਹੈ। ਬਹੁਤ ਹੀ ਸੌਖੇ ਅਤੇ ਸਰਲ ਸ਼ਬਦਾਂ ਵਿੱਚ ਸਹਿਜੇ ਹੀ ਵੱਡੀ ਤੋਂ ਵੱਡੀ ਗੱਲ ਕਹਿ ਜਾਣਾ ਉਨ੍ਹਾਂ ਦੀ ਕਵਿਤਾ ਦਾ ਹਾਸਲ ਹੈ। ਮਾਨਵੀ ਰਿਸ਼ਤਿਆਂ ਵਿੱਚੋਂ ਮਨਫ਼ੀ ਹੋ ਰਹੀ ਭਾਈਚਾਰਕ ਸਾਂਝ ਉਨ੍ਹਾਂ ਲਈ ਫ਼ਿਕਰਮੰਦੀ ਦਾ ਕਾਰਨ ਬਣਦੀ ਹੈ। ਗੁਰੂਆਂ-ਪੀਰਾਂ ਅਤੇ ਸੂਰਮਿਆਂ ਦੀ ਚਰਨ-ਛੋਹ ਪ੍ਰਾਪਤ ਪੰਜਾਬ ਦੀ ਗੌਰਵਮਈ ਧਰਤੀ ਦਾ ਜ਼ਹਿਰ ਉੱਗਲਣਾ ਉਨ੍ਹਾਂ ਨੂੰ ਪ੍ਰੇਸ਼ਾਨ ਕਰਦਾ ਹੈ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਵਿਸ਼ਵਮੰਡੀ ਦੀ ਘਿਨਾਉਣੀ ਚਕਾਚੌਂਧ ਵਿੱਚ ਉਲਝਿਆ ਹੋਇਆ ਮਨੁੱਖ ਖ਼ੁਦ ਹੀ ਆਪਣੀ ਹੋਂਦ ਦਾ ਦੁਸ਼ਮਣ ਬਣ ਚੁੱਕਿਆ ਹੈ। ਇਸ ਤੋਂ ਵੱਡਾ ਦੁਖਾਂਤ ਹੋਰ ਕੀ ਹੋ ਸਕਦਾ ਹੈ ਕਿ ਖੇਤੀਬਾੜੀ ਦਾ ਕਲਿਆਣਕਾਰੀ ਕਾਰਜ ਵੀ ਹੁਣ ਇੱਕ ਗੋਰਖਧੰਦਾ ਬਣ ਕੇ ਰਹਿ ਗਿਆ ਹੈ, ਜਿਸ ਨੇ ਸਾਡੇ ਖੇਤਾਂ ਦੀ ਉਪਜਾਊ ਮਿੱਟੀ ਨੂੰ ਬਾਂਝ ਬਣਾ ਕੇ ਰੱਖ ਦਿੱਤਾ ਹੈ:

ਮਿੱਟੀ 'ਚ ਜ਼ਹਿਰ ਰਲ ਗਿਆ, ਉਗਦਾ ਵੀ ਜ਼ਹਿਰ ਹੈ,
ਜਿਹਨ 'ਚ ਲਾਲਚ ਰਚ ਗਿਆ ਵਕਤ ਦਾ ਕਹਿਰ ਹੈ।

ਕਵਿਤਾ ਲਿਖਣਾ ਉਨ੍ਹਾਂ ਦਾ ਸ਼ੌਕ ਨਹੀਂ ਅਤੇ ਨਾ ਹੀ ਉਹ ਕਿਸੇ ਦੇ ਮਨੋਰੰਜਨ ਲਈ ਲਿਖਦੇ ਹਨ ਬਲਕਿ ਉਨ੍ਹਾਂ ਦਾ ਮੰਨਣਾ ਹੈ ਕਿ ਜਿਹੜੀ ਕਵਿਤਾ ਲੋਕਾਂ ਦਾ ਦੁੱਖਾਂ-ਦਰਦਾਂ ਦੀ ਗੱਲ ਨਹੀਂ ਛੇੜਦੀ, ਉਹ ਕਦੇ ਵੀ ਲੋਕਾਂ ਦਾ ਸਾਹਿਤ ਨਹੀਂ ਹੋ ਸਕਦੀ। ਇਸੇ ਲਈ ਉਹ ਕਦੇ ਵੀ ਸੋਚ ਕੇ ਤੁਕਬੰਦੀ ਨਹੀਂ ਕਰਦੇ ਬਲਕਿ ਤੰਗੀਆਂ-ਤੁਰਸ਼ੀਆਂ ਅਤੇ ਦੁਸ਼ਵਾਰੀਆਂ ਦੇ ਸਤਾਏ ਹੋਏ ਲੋਕਾਂ ਦੀ ਪੀੜਾ ਹੀ ਆਪ ਮੁਹਾਰੇ ਉਨ੍ਹਾਂ ਦੇ ਮੂੰਹੋਂ ਨਿੱਕਲੇ ਸ਼ਬਦਾਂ ਨੂੰ ਕਵਿਤਾ ਵਿੱਚ ਬਦਲ ਦਿੰਦੀ ਹੈ:

ਜੇ ਤੂੰ ਕਲਮ ਫੜਾ ਦਿੱਤੀ ਮਾਲਕਾ
ਲਿਖਣ ਦਾ ਹੁਨਰ ਵੀ ਬਖਸ਼
ਪੀੜ ਪਰਾਈ ਲੱਗੇ ਆਪਣੀ
ਐਨੀ ਕੁ ਸਮਝ ਵੀ ਬਖਸ਼

ਮਨਿੰਦਰ ਕੌਰ ਮਨ ਦਾ ਮੰਨਣਾ ਹੈ ਕਿ ਉਹ ਲੋਕ ਬੁਜ਼ਦਿਲ ਹੁੰਦੇ ਹਨ, ਜਿਹੜੇ ਅਗਲੇ-ਪਿਛਲੇ ਕਰਮਾਂ ਜਾਂ ਕਿਸਮਤ ਦੀਆਂ ਗੱਲਾਂ ਕਰਦੇ ਹਨ। ਅਜਿਹੇ ਲੋਕ ਕਦੇ ਵੀ ਆਪਣੀ ਮੰਜ਼ਿਲ ਤੱਕ ਨਹੀਂ ਪਹੁੰਚ ਸਕਦੇ ਪਰ ਜਿਨ੍ਹਾਂ ਲੋਕਾਂ ਨੇ ਆਪਣੇ ਮਨ ਵਿੱਚ ਜਿੱਤ ਦਾ ਪੱਕਾ ਵਿਸ਼ਵਾਸ ਬਣਾ ਲਿਆ ਹੋਵੇ, ਉਨ੍ਹਾਂ ਨੂੰ ਕਦੇ ਅਟਕ ਵੀ ਅਟਕਾਅ ਨਹੀਂ ਸਕੇ। ਹੱਕ-ਸੱਚ ਲਈ ਜੂਝਣ ਵਾਲੇ ਲੋਕ ਕਦੇ ਹਾਰ ਨਹੀਂ ਮੰਨਦੇ ਅਤੇ ਹਾਰਨ ਵਾਲੇ ਸਿਰਾਂ ਉੱਤੇ ਕਦੇ ਤਾਜ ਨਹੀਂ ਟਿਕਦੇ:

ਮੰਜ਼ਿਲ ਨੂੰ ਹੱਥ ਦੀਆਂ
ਲਕੀਰਾਂ 'ਚ ਨਾ ਤੂੰ ਭਾਲ
ਜਨੂੰਨ ਹੋਵੇ ਜਿੱਤਣ ਦਾ
ਤਾਂ ਹੀ ਸਿਰ 'ਤੇ ਤਾਜ ਹੁੰਦਾ ਏ

ਅਖੌਤੀ ਨਾਰੀਵਾਦ ਦੀ ਪੈੜ ਵਿੱਚ ਪੈਰ ਨਾ ਧਰਦਿਆਂ ਵੀ ਉਨ੍ਹਾਂ ਨੇ ਨਾਰੀ ਚੇਤਨਾ ਦਾ ਪਰਚਮ ਹਮੇਸ਼ਾ ਬੁਲੰਦ ਰੱਖਿਆ ਹੈ। ਸਮੁੱਚੀ ਮਰਦ ਸ਼੍ਰੇਣੀ ਨੂੰ ਉਹ ਦੋ ਹਿੱਸਿਆਂ ਵਿੱਚ ਵੰਡ ਕੇ ਦੇਖਦੇ ਹਨ। ਪਹਿਲੇ ਉਹ ਮਰਦ, ਜਿਨ੍ਹਾਂ ਦਾ ਔਰਤ ਪ੍ਰਤੀ ਪਿਆਰ ਆਤਮਿਕ ਹੁੰਦਾ ਹੈ ਅਤੇ ਦੂਜੇ ਉਹ ਮਰਦ, ਜਿਹੜੇ ਉਸ ਨੂੰ ਕੇਵਲ ਭੋਗ-ਵਿਲਾਸ ਦੀ ਵਸਤੂ ਹੀ ਸਮਝਦੇ ਹਨ। ਅਜਿਹੇ ਲੋਕਾਂ ਲਈ ਔਰਤ ਇੱਕ ਬੱਚੇ ਪੈਦਾ ਕਰਨ ਵਾਲੀ ਮਸ਼ੀਨ ਤੋਂ ਵੱਧ ਕੋਈ ਅਰਥ ਨਹੀਂ ਰੱਖਦੀ:

ਦੋ ਟੋਟਿਆਂ ਵਿਚ ਵੰਡੀ ਔਰਤ ਦਾ
ਜ਼ਿਕਰ ਕੌਣ ਕਰੇ
ਇਕ ਟੋਟੇ ਦਾ ਮਾਲਕ
ਓਹਦੀ ਰੂਹ ਦੇ ਵਿਚ ਵਸੇ
ਦੂਜਾ ਤਾਂ ਬਸ ਮਿੱਟੀ ਦੀ ਢੇਰੀ 'ਤੇ
ਕਬਜ਼ਾ ਕਰੇ

ਜ਼ਿੰਦਗੀ ਕਦੇ ਵੀ ਸਾਡੀ ਮਰਜ਼ੀ ਨਾਲ ਨਹੀਂ ਚੱਲਦੀ। ਬਹੁਤ ਕੁੱਝ ਅਜਿਹਾ ਵੀ ਹੁੰਦਾ ਹੈ, ਜਿਹੜਾ ਸਾਨੂੰ ਕਿਸੇ ਹਾਲਤ ਵਿੱਚ ਵੀ ਸਵੀਕਾਰ ਨਹੀਂ ਹੁੰਦਾ। ਉਲਟ ਪ੍ਰਸਥਿਤੀਆਂ ਵਿੱਚ ਕੇਵਲ ਇਸ ਤਰ੍ਹਾਂ ਹੀ ਸੋਚਣਾ ਚਾਹੀਦਾ ਹੈ ਕਿ ਜੇਕਰ ਚੰਗੇ ਦਿਨ ਨਹੀਂ ਰਹੇ ਤਾਂ ਮਾੜੇ ਦਿਨ ਵੀ ਨਹੀਂ ਰਹਿਣੇ। ਅਜਿਹੀ ਉਮੀਦ ਹੀ ਬਿਪਤਾ ਵਿੱਚ ਸਾਡਾ ਸਹਾਰਾ ਬਣ ਸਕਦੀ ਹੈ ਕਿਉਂਕਿ ਦੁਨੀਆ ਵਿੱਚ ਕੁੱਝ ਵੀ ਅਸੰਭਵ ਨਹੀਂ ਹੈ। ਉਨ੍ਹਾਂ ਮੁਤਾਬਿਕ ਜ਼ਿੰਦਗੀ ਨੂੰ ਹਾਂ ਕਹਿਣ ਵਾਲੇ ਲੋਕ ਕਦੇ ਵੀ ਨਿਰਾਸ਼ ਨਹੀਂ ਹੋ ਸਕਦੇ:

ਇੰਨਾ ਵੀ ਦੂਰ ਨਹੀਂ ਗਿਆ ਕਿ ਮੁੜ ਆ ਨਾ ਸਕੇ ਉਹ,
ਮੁੜ ਆਏਗਾ ਬਸ ਤੇਰੀ ਅਵਾਜ਼ ਸੁਣਨ ਤੋਂ ਬਾਅਦ।

ਮਨਿੰਦਰ ਕੌਰ ਮਨ ਲਿਖਦੇ ਹਨ ਕਿ ਮਰਦ ਪ੍ਰਧਾਨ ਸਮਾਜ ਨੇ ਕਦੇ ਵੀ ਔਰਤ ਨੂੰ ਇੱਕ ਜਿਊਂਦਾ-ਜਾਗਦਾ ਇਨਸਾਨ ਨਹੀਂ ਮੰਨਿਆ ਬਲਕਿ ਉਸ ਦੀ ਗਿਣਤੀ ਵਸਤੂਆਂ ਵਿੱਚ ਹੀ ਕੀਤੀ ਜਾਂਦੀ ਹੈ। ਸੋਹਣੀ ਕੋਠੀ, ਸੋਹਣੀ ਕਾਰ ਜਾਂ ਸੋਹਣੀ ਔਰਤ ਹਮੇਸ਼ਾ ਹੀ ਮਰਦ ਦੇ ਹੰਕਾਰ ਵਿੱਚ ਵਾਧਾ ਕਰਦੇ ਆਏ ਹਨ। ਰਾਜਾਸ਼ਾਹੀ ਦੇ ਦੌਰ ਵਿੱਚ ਤਾਂ ਫ਼ੌਜੀ ਸ਼ਕਤੀ, ਗੋਲਾ-ਬਾਰੂਦ ਅਤੇ ਸਰਹੱਦਾਂ ਦੇ ਨਾਲ-ਨਾਲ ਰਾਣੀਆਂ ਜਾਂ ਦਾਸੀਆਂ ਦੀ ਗਿਣਤੀ ਵੀ ਕਿਸੇ ਰਾਜੇ ਦੇ ਸਾਮਰਾਜ ਦਾ ਪੈਮਾਨਾ ਸਮਝੀ ਜਾਂਦੀ ਸੀ:

ਬਸ ਚਾਰ ਲਾਵਾਂ ਗੁਰੂ ਦੀ ਹਜ਼ੂਰੀ 'ਚ
ਕੁਝ ਆਪਣਿਆਂ ਦੀ ਮਨਜ਼ੂਰੀ 'ਚ
ਫਿਰ ਖ਼ਤਮ ਤੇਰਾ ਆਪਣਾ ਵਜੂਦ
ਫਿਰ ਤੇਰਾ ਆਪਣਾ ਕੁਝ ਨਹੀਂ

ਮਰਦ ਪ੍ਰਧਾਨ ਸਮਾਜ ਵੱਲੋਂ ਔਰਤ ਨੂੰ ਦਬਾ ਕੇ ਰੱਖਣ ਲਈ ਬਣਾਈਆਂ ਗਈਆਂ ਪਰੰਪਰਾਵਾਂ ਅਤੇ ਰਵਾਇਤਾਂ ਦਾ ਵੀ ਉਹ ਬੜੀ ਬੇਬਾਕੀ ਨਾਲ ਵਿਰੋਧ ਕਰਦੇ ਹਨ, ਜਿਨ੍ਹਾਂ ਅਨੁਸਾਰ ਕਿਹਾ ਗਿਆ ਕਿ ਔਰਤ ਬਚਪਨ ਵਿੱਚ




ਆਪਣੇ ਪਿਤਾ, ਜਵਾਨੀ ਵਿੱਚ ਪਤੀ ਅਤੇ ਬੁਢਾਪੇ ਵਿੱਚ ਪੁੱਤਰਾਂ ਦੇ ਅਧੀਨ ਰਹੇ। ਕਿਸੇ ਹਾਲਤ ਵਿੱਚ ਵੀ ਉਸ ਨੂੰ ਸੁਤੰਤਰ ਨਹੀਂ ਰਹਿਣ ਦਿੱਤਾ ਗਿਆ। ਲੋਹੜੀ, ਰੱਖੜੀ ਅਤੇ ਕਰਵਾ ਚੌਥ ਵਰਗੀਆਂ ਮਾਨਤਾਵਾਂ ਨਾਲ ਉਸ ਦੀ ਗ਼ੁਲਾਮੀ ਨੂੰ ਹੋਰ ਪੱਕਿਆਂ ਕਰ ਦਿੱਤਾ ਗਿਆ:

ਪਿਆਰ ਦੀਆਂ ਸੂਰਤਾਂ ਨੇ ਇਹ
ਮਮਤਾ ਦੀਆਂ ਮੂਰਤਾਂ ਨੇ ਇਹ
ਕਹਿ ਕਹਿ ਕੇ ਲਾਡ ਲਡਾਇਆ
ਉਸ ਬੇਗਾਨੇ ਨਾਲ ਤੰਦ ਮੋਹ ਦਾ ਪਵਾਇਆ
ਮਮਤਾ ਖਾਤਰ ਸਭ ਜਰਨਾ ਅਹਿਸਾਸ ਕਰਵਾਇਆ
ਪਿਉ ਤੇ ਪਤਾ ਤੋਂ ਬਾਅਦ ਪੁੱਤਰ ਦੇ ਜ਼ਿੰਮੇ ਲਾਇਆ

ਜਿਨ੍ਹਾਂ ਨੇ ਉੱਗਣਾ ਹੁੰਦਾ ਹੈ, ਉਹ ਤਾਂ ਪੱਥਰਾਂ ਦਾ ਸੀਨਾ ਪਾੜ ਕੇ ਵੀ ਉੱਗ ਪੈਂਦੇ ਹਨ। ਜਿਨ੍ਹਾਂ ਨੇ ਫੁੱਲ ਬਣ ਕੇ ਮਹਿਕਾਂ ਵੰਡਣੀਆਂ ਹੁੰਦੀਆਂ ਹਨ, ਉਨ੍ਹਾਂ ਨੂੰ ਕੋਈ ਮਿੱਟੀ ਵਿੱਚ ਨਹੀਂ ਰੋਲ ਸਕਦਾ। ਉਨ੍ਹਾਂ ਮੁਤਾਬਿਕ ਜਿਊਂਦੇ ਰਹਿਣ ਲਈ ਜਿਊਣ-ਇੱਛਾ ਤੋਂ ਵਧ ਕੇ ਹੋਰ ਕੁੱਝ ਵੀ ਮਹੱਤਵਪੂਰਨ ਨਹੀਂ ਹੁੰਦਾ। ਪਾਣੀ ਦੀਆਂ ਲਹਿਰਾਂ ਦੇ ਉਲਟ ਵਹਿਣ ਵਿੱਚ ਜਿਹੜਾ ਆਨੰਦ ਮਿਲਦਾ ਹੈ, ਉਹ ਲਹਿਰਾਂ ਨਾਲ ਵਹਿਣ ਵਿੱਚ ਨਹੀਂ ਮਿਲਦਾ ਕਿਉਂਕਿ ਜਿੱਥੇ ਵਿਰੋਧ ਹੁੰਦਾ ਹੈ, ਉੱਥੇ ਹੀ ਤਾਂ ਵਿਕਾਸ ਹੁੰਦਾ ਹੈ:

ਤੂੰ ਰੋਲਿਆ ਸੀ ਕਦੇ ਮਿੱਟੀ 'ਚ ਵਜੂਦ ਮੇਰਾ
ਦੇਖ ਮੈਂ ਫੁੱਲ ਬਣ ਕਿਵੇਂ ਫਿਜ਼ਾ 'ਚ ਬਿਖਰ ਗਈ
ਤੂੰ ਡੁਬੋਏ ਸਾਰੇ ਅਰਮਾਨ ਹੰਝੂਆਂ ਦੇ ਸਮੁੰਦਰ 'ਚ
ਦੇਖ ਮੈਂ ਬਣ ਮੋਤੀ ਫਿਰ ਵੀ ਕਿਵੇਂ ਚਮਕ ਪਈ

ਹਵਾਵਾਂ ਵਿੱਚ ਉੱਡਣ ਲਈ ਕੇਵਲ ਪਰਾਂ ਦਾ ਹੋਣਾ ਹੀ ਜ਼ਰੂਰੀ ਨਹੀਂ ਹੁੰਦਾ ਕਿਉਂਕਿ ਉੱਡਦੇ ਤਾਂ ਉਹ ਵੀ ਹਨ, ਜਿਨ੍ਹਾਂ ਦੇ ਪਰ ਹੀ ਨਹੀਂ ਹੁੰਦੇ। ਬਹੁਤੀ ਵਾਰ ਪਰਾਂ ਦੇ ਹੁੰਦਿਆਂ ਵੀ ਉਡਾਰੀ ਮਾਰਨ ਦੀ ਹਿੰਮਤ ਨਹੀਂ ਹੁੰਦੀ ਕਿਉਂਕਿ ਪਰਾਂ ਤੋਂ ਇਲਾਵਾ ਵੀ ਕੁੱਝ ਪਰ ਹੁੰਦੇ ਹਨ ਅਤੇ ਉੱਡਣ ਲਈ ਇਨ੍ਹਾਂ ਪਰਾਂ ਦਾ ਹੋਣਾ ਹੀ ਲਾਜ਼ਮੀ ਹੁੰਦਾ ਹੈ। ਮਨਿੰਦਰ ਕੌਰ ਮਨ ਆਪਣੀ ਕਵਿਤਾ ਦੀਆਂ ਇਨ੍ਹਾਂ ਪੰਕਤੀਆਂ ਵਿੱਚ ਕੁੱਝ ਅਜਿਹੇ ਹੀ ਪਰਾਂ ਵੱਲ ਇਸ਼ਾਰਾ ਕਰ ਰਹੇ ਹਨ:

ਜੀਅ ਕਰਦਾ ਏ ਤੈਨੂੰ ਲੈ ਕੇ ਸੱਜਣਾ
ਉੱਡ ਜਾਵਾਂ ਵਿੱਚ ਹਵਾਵਾਂ
ਇਸ ਧਰਤੀ ਮੇਰਾ ਜੀਅ ਨਹੀਂ ਲੱਗਦਾ
ਅੰਬਰੀਂ ਪੀਂਘਾਂ ਪਾਵਾਂ

ਵਿਸ਼ਵ ਪ੍ਰਸਿੱਧ ਚਿੰਤਕ ਓਸ਼ੋ ਨੇ ਕਿਹਾ ਸੀ ਕਿ ਜੋ ਕੁੱਝ ਕੋਈ ਕਹਿ ਰਿਹਾ ਹੁੰਦਾ ਹੈ, ਕੇਵਲ ਉਸ ਨੂੰ ਹੀ ਨਹੀਂ ਸੁਣਨਾ ਚਾਹੀਦਾ ਬਲਕਿ ਜੋ ਕੁੱਝ ਉਹ ਨਹੀਂ ਕਹਿ ਰਿਹਾ, ਉਸ ਨੂੰ ਵੀ ਸੁਣਨ ਦੀ ਕੋਸ਼ਿਸ਼ ਕਰਨੀ ਹੋਣੀ ਹੈ। ਜ਼ਿੰਦਗੀ ਦੇ ਸਫ਼ਰ ਵਿੱਚ ਹਰ ਵਿਅਕਤੀ ਕੋਲ ਇਹ ਹੁਨਰ ਹੋਣਾ ਜ਼ਰੂਰੀ ਹੈ। ਇਸ ਹੁਨਰ ਤੋਂ ਸੱਖਣੇ ਲੋਕ ਕੇਵਲ ਸ਼ਬਦਾਂ ਨੂੰ ਫੜੀ ਰੱਖਦੇ ਹਨ ਪਰ ਸ਼ਬਦਾਂ ਤੋਂ ਪਾਰ ਜਾਣ ਦੀ ਕੋਸ਼ਿਸ਼ ਨਹੀਂ ਕਰਦੇ। ਮਨਿੰਦਰ ਕੌਰ ਮਨ ਅਜਿਹੀ ਜੀਵਨ-ਜਾਚ ਤੋਂ ਵੀ ਭਲੀ-ਭਾਂਤ ਜਾਣੂ ਹਨ:

ਹਰ ਦਮ ਨਾਲ ਹਾਂ
ਸਾਹਾਂ ਤੋਂ ਨੇੜੇ ਹਾਂ
ਪਲ ਲਈ ਵੀ ਜੁਦਾ ਨਹੀਂ
ਸਾਂਝਾ ਹੈ ਸਭ ਕੁੱਝ
ਵਸਦੇ ਹਾਂ ਇੱਕ ਦੂਜੇ 'ਚ
ਸਭ ਕਲਪਨਾ ਹੈ, ਬਸ ਕਲਪਨਾ।

ਮਨਿੰਦਰ ਕੌਰ ਮਨ ਨੇ ਇਸ ਪੁਸਤਕ ਵਿੱਚ ਹੋਰ ਵੀ ਬਹੁਤ ਸਾਰੇ ਮੁੱਦਿਆਂ ਨੂੰ ਉਭਾਰਨ ਦੀ ਬੜੀ ਸਫ਼ਲ ਅਤੇ ਸੁਚੱਜੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਦੀ ਖ਼ਾਸੀਅਤ ਹੈ ਕਿ ਉਹ ਜਿਹੜੀ ਵੀ ਸਮੱਸਿਆ ਨਾਲ ਸੰਵਾਦ ਰਚਾਉਂਦੇ ਹਨ, ਉਸ ਦੇ ਤਾਣੇ-ਬਾਣੇ ਦੀਆਂ ਸਾਰੀਆਂ ਪਰਤਾਂ ਫਰੋਲ ਕੇ ਹੀ ਸਾਹ ਲੈਂਦੇ ਹਨ। ਗਲਤ ਨੂੰ ਗਲਤ ਅਤੇ ਸਹੀ ਨੂੰ ਸਹੀ ਕਹਿਣ ਦਾ ਸਾਹਸ, ਉਨ੍ਹਾਂ ਨੂੰ ਸਾਹਿਤ ਜਗਤ ਦੀਆਂ ਸਿਰਮੌਰ ਕਵਿੱਤਰੀਆਂ ਦੀ ਕਤਾਰ ਵਿੱਚ ਲਿਆ ਖੜ੍ਹਾ ਕਰਦਾ ਹੈ। ਉਨ੍ਹਾਂ ਦਾ ਇਹ ਸਾਹਸ ਬਣਿਆ ਰਹੇ ਅਤੇ ਉਨ੍ਹਾਂ ਦੀ ਕਲਮ ਕਾਵਿਕਤਾ ਦੀਆਂ ਹੋਰ ਬੁਲੰਦੀਆਂ ਤੱਕ ਪਹੁੰਚਣ ਦੇ ਸਮਰੱਥ ਹੋਵੇ। ਇਸੇ ਉਮੀਦ ਨਾਲ ਮੈਂ ਉਨ੍ਹਾਂ ਦੀ ਇਸ ਬੇਹੱਦ ਪਿਆਰੀ ਅਤੇ ਮਿਆਰੀ ਪੁਸਤਕ ਦਾ ਪੁਰਜ਼ੋਰ ਸਵਾਗਤ ਕਰਦਾ ਹਾਂ।



**ਕਰਮ ਸਿੰਘ ਜ਼ਖ਼ਮੀ**
ਗੁਰੂ ਤੇਗ ਬਹਾਦਰ ਨਗਰ, ਹਰੇੜੀ ਰੋਡ, ਸੰਗਰੂਰ-148001
ਸੰਪਰਕ: 98146-28027

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition


# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

## ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## +44 7878 456484

email:-Samajweekly@gmail.com